# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਦੂਜਾ (ਲੋਕਧਾਰਾ ਅਤੇ ਪੰਜਾਬੀ ਲੋਕਧਾਰਾ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 ਲੋਕ-ਨਾਚ ਅਤੇ ਲੋਕ-ਨਾਟ

2.2 ਲੋਕ-ਵਿਸ਼ਵਾਸ਼

2.3 ਰੀਤੀ-ਰਿਵਾਜ਼ : ਜਨਮ, ਵਿਆਹ ਅਤੇ ਮੌਤ ਸੰਬੰਧੀ

2.4 ਮੇਲੇ ਅਤੇ ਤਿਉਹਾਰ


**Department website : www.pbidde.org**

ਪਾਠ ਨੰ. 2.1 ਲੇਖਕ : ਡਾ. ਭੁਪਿੰਦਰ ਸਿੰਘ ਖਹਿਰਾ

# ਲੋਕ-ਨਾਚ ਅਤੇ ਲੋਕ-ਨਾਟ

## (ਮੂਲ ਲੱਛਣ, ਸਮਾਜਕ ਤੇ ਸਭਿਆਚਾਰਕ ਮਹੱਤਵ, ਮੁੱਖ ਵੰਨਗੀਆਂ)

ਲੋਕ-ਨਾਚ ਵੀ ਲੋਕਧਾਰਾ ਦਾ ਇਕ ਪ੍ਰਮੁੱਖ ਅੰਗ ਹੈ। ਲੋਕ ਨਾਚ ਉਹ ਹੈ ਜਿਸ ਨੂੰ ਸਾਧਾਰਨ ਲੋਕ ਨੱਚਦੇ ਹੋਣ, ਜਿਸ ਦਾ ਸੰਚਾਲਨ ਸਨਾਤਨੀ ਨਿਯਮਾਂ ਦੀ ਥਾਂ ਮਨ ਅੰਦਰਲੀ ਖੁਸ਼ੀ ਕਰਦੀ ਹੋਵੇ। ਲੋਕ-ਨਾਚ ਲੋਕਾਂ ਦੇ ਮਨ ਦੇ ਵਲਵਲਿਆਂ ਅਤੇ ਭਾਵਾਂ ਦੀ ਤਰਜਮਾਨੀ ਕਰਦਾ ਹੈ। ਖੁਸ਼ੀ ਮਨੁੱਖ ਦਾ ਕੁਦਰਤੀ ਭਾਵ ਹੈ, ਨਾਚ ਉਸਦੀ ਕੁਦਰਤੀ ਅਭਿਵਿਅਕਤੀ ਹੈ। ਜਦੋਂ ਮਨੁੱਖ ਖੁਸ਼ ਹੁੰਦਾ ਹੈ ਤਾਂ ਉਹ ਆਪ ਮੁਹਾਰੇ ਹੀ ਨੱਚਣ ਲੱਗ ਪੈਂਦਾ ਹੈ। ਉਸ ਦੇ ਹੱਥ, ਪੈਰ ਅਤੇ ਸਰੀਰ ਦੇ ਸਾਰੇ ਅੰਗ ਕੁਦਰਤੀ ਸੰਗੀਤ ਦੇ ਤਾਲ ਵਿਚ ਬੱਝ ਜਾਂਦੇ ਹਨ। ਇਸ ਲਈ ਖੁਸ਼ੀ ਨਾਚ ਦਾ ਕੇਂਦਰ ਹੈ। ਲੋਕ ਖੁਸ਼ੀ ਦੇ ਮੌਕੇ ਲੋਕ-ਨਾਚ ਦੇ ਪ੍ਰਦਰਸ਼ਨ ਲਈ ਅਨੁਕੂਲ ਹਨ।

**ਲੋਕ-ਨਾਚ ਦੇ ਲੱਛਣ**

1. **ਲੋਕ-ਨਾਚ ਸਹਿਜ ਸੁਭਾਅ ਹੁੰਦਾ ਹੈ** ਲੋਕ ਨਾਚ ਨੂੰ ਨੱਚਣ ਲਈ ਕਿਸੇ ਵਿਸ਼ੇਸ਼ ਕਿਸਮ ਦੇ ਸਨਾਤਨੀ ਨਿਯਮਾਂ ਦੀ ਟਰੇਨਿੰਗ ਨਹੀਂ ਲੈਣੀ ਪੈਂਦੀ। ਇਸ ਵਿਚ ਅਦਾ ਅਤੇ ਐਕਸ਼ਨ ਸਵੀਕਾਰ ਕੀਤਾ ਜਾ ਸਕਦਾ ਹੈ। ਪਰ ਉਸ ਵਿਚ ਕੁਦਰਤੀ ਤਾਲ ਦਾ ਹੋਣਾ ਜ਼ਰੂਰੀ ਹੈ। ਲੋਕ ਨਾਚ ਆਪ ਮੁਹਾਰੇ ਫੁੱਟਿਆ ਖੁਸ਼ੀ ਦਾ ਚਸ਼ਮਾ ਹੈ। ਇਹ ਖੁਸ਼ੀ ਨਾਲ ਭਰੇ ਮਨੁੱਖ ਦਾ ਬੇਰੋਕ ਪ੍ਰਗਟਾਅ ਹੈ :

> ਬੋਲ ਅਗੰਮੀ ਨਿਕਲਣ ਅੰਦਰੋਂ, ਵਸ ਨਹੀਂ ਕੁਝ ਮੇਰੇ।
> ਨੱਚ ਲੈ ਸ਼ਾਮ ਕੁਰੇ, ਦੇ ਦੇ ਸ਼ੌਕ ਦੇ ਗੇੜੇ।

ਨਾਚ ਦੇ ਬੋਲ ਸਹਿਜ ਸੁਭਾਅ ਅਤੇ ਅਗੰਮੀ ਹੁੰਦੇ ਹਨ ਅਤੇ ਗੇੜੇ ਸ਼ੌਕ ਦੇ ਹੁੰਦੇ ਹਨ। ਇਹ ਕਿਸੇ ਬੰਧਨ ਦਾ ਪਾਲਣਾ ਨਹੀਂ ਹੁੰਦਾ ਸਗੋਂ ਸ਼ੌਕ ਦੀ ਪ੍ਰਦਰਸ਼ਨੀ ਹੁੰਦੀ ਹੈ। ਲੋਕ ਨਾਚ ਖੁਸ਼ੀ ਦਾ ਅਭਿਵਿਅਕਤ ਰੂਪ ਹੈ ਜੋ ਕੁਝ ਮਨੁੱਖ ਦੇ ਅੰਦਰ ਹੈ ਉਸ ਦਾ ਸਰੀਰਕ ਪ੍ਰਦਰਸ਼ਨ ਹੀ ਲੋਕ-ਨਾਚ ਹੈ।

2. **ਲੋਕ-ਨਾਚ ਵਿਚ ਸੁਮਾਪਤਾ ਹੁੰਦੀ ਹੈ** : ਲੋਕ-ਨਾਚ ਸਹਿਜ ਸੁਭਾਅ ਹੁੰਦਾ ਹੋਇਆ ਵੀ ਬੇਤਰਤੀਬ ਨਹੀਂ ਹੁੰਦਾ। ਨੱਚਣ ਵਾਲਿਆਂ ਦੀ ਚਾਲ ਅਤੇ ਹਰਕਤਾਂ ਮਾਪੀਆਂ ਤੋਲੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਵਿਚ ਇਕਸਾਰਤਾ ਹੁੰਦੀ ਹੈ। ਇੱਥੋਂ ਤੱਕ ਹੀ ਨਹੀਂ ਇਹ ਸੁਮਾਪਤਾ ਪੈਰਾਂ ਅਤੇ ਹੱਥਾਂ ਦੀਆਂ ਹਰਕਤਾਂ ਵਿਚ ਵੀ ਪਾਈ ਜਾਂਦੀ ਹੈ। ਜਿਸ ਤਰ੍ਹਾਂ ਗਿੱਧੇ ਰੂਪ ਵਿਚ ਤਾਲੀ ਸਾਰੇ ਸਮਾਨ ਰੂਪ ਵਿਚ ਮਾਰਦੇ ਹਨ। ਇਕੋ ਸਮੇਂ, ਇਹ ਤਾਲੀ ਮਾਰਨ ਦੀ ਹਰਕਤ ਜਿੱਥੇ ਸਹਿਜ ਸੁਭਾਅ ਹੁੰਦੀ ਹੈ, ਉਥੇ ਐਕਸ਼ਨ ਵਿਚ ਸੁਮਾਪਤਾ ਆ ਜਾਂਦੀ ਹੈ। ਸੁਮਾਪਤਾ ਲੋਕ ਨਾਚ ਦਾ ਵਿਸ੍ਰੇਸ਼ ਲੱਛਣ ਹੈ। ਇਸ ਤੋਂ ਬਿਨਾਂ ਕੋਈ ਵੀ ਲੋਕ ਨਾਚ ਆਪਣੀ ਪਰਿਭਾਸ਼ਾ ਨਹੀਂ ਗ੍ਰਹਿਣ ਕਰ ਸਕਦਾ।

3. ਲੋਕ-ਨਾਚ ਦੀਆਂ ਅਦਾਵਾਂ ਸਾਧਾਰਨ ਜ਼ਿੰਦਗੀ ਵਿਚੋਂ ਹੁੰਦੀਆਂ ਹਨ। ਇਕ ਸ਼ਿਕਾਰੀ, ਸ਼ਿਕਾਰ ਮਾਰਨ ਦੀ ਵਿਧੀ ਨੂੰ ਸੁਮਾਪ ਵਿਚ ਢਾਲ ਕੇ ਨਾਚ ਵਿਚ ਪੇਸ਼ ਕਰ ਸਕਦਾ ਹੈ। ਇਸੇ ਤਰ੍ਹਾਂ ਹੋਰ ਕਿੱਤਿਆਂ ਨਾਲ ਸੰਬੰਧਤ ਅਦਾਵਾਂ ਲੋਕ-ਨਾਚ ਵਿਚ ਆਮ ਪਾਈਆਂ ਜਾਂਦੀਆਂ ਹਨ।

4. ਲੋਕ-ਨਾਚ ਨੂੰ ਕਿਸੇ ਵਿਸ਼ੇਸ਼ ਸਟੇਜ ਜਾਂ ਸਜਾਵਟ ਦੀ ਲੋੜ ਨਹੀਂ ਹੁੰਦੀ। ਇਹ ਜੀਵਨ ਦੀ ਖੁਸ਼ੀ ਵਿਚੋਂ ਫੁਟਦਾ ਹੈ, ਇਸ ਲਈ ਹਰ ਪਹਿਰਾਵਾ, ਹਰ ਸਟੇਜ ਇਸ ਲਈ ਢੁਕਵਾਂ ਹੈ। ਪਰ ਉਹ ਪ੍ਰਸੰਗ ਨਹੀਂ ਟੁੱਟਣਾ ਚਾਹੀਦਾ ਜਿਸ ਵਿਚੋਂ ਇਹ ਪੈਦਾ ਹੁੰਦਾ ਹੈ। ਲੋਕ ਨਾਚ ਨੱਚਣ ਲਈ ਹੁੰਦਾ ਹੈ, ਦਿਖਾਉਣ ਲਈ ਨਹੀਂ। ਇਸ ਲਈ ਜਿਹੜੇ ਗਿੱਧੇ, ਭੰਗੜੇ ਅੱਜ ਕੱਲ੍ਹ ਅਸੀਂ ਸਟੇਜਾਂ 'ਤੇ ਦੇਖਦੇ ਹਾਂ, ਇਹ ਲੋਕ ਨਾਚ ਦੀ ਪਰਿਭਾਸ਼ਾ ਦੇ ਅੰਤਰਗਤ ਨਹੀਂ ਆ ਸਕਦੇ। ਬੇਸ਼ੱਕ ਇਨ੍ਹਾਂ ਵਿੱਚ ਲੋਕ ਨਾਚ ਦੀਆਂ ਅਦਾਵਾਂ ਨਕਲ ਕਰਕੇ ਪ੍ਰਦਰਸ਼ਤ ਕੀਤੀਆਂ ਗਈਆਂ ਹੁੰਦੀਆਂ ਹਨ। ਪਰ ਪ੍ਰਸੰਗ ਦੇ ਸੰਦਰਭ ਲੋਕ-ਨਾਚ ਲਈ ਜ਼ਰੂਰੀ ਹੈ, ਇਹ ਪ੍ਰਸੰਗ ਅਤੇ ਸੰਦਰਭ ਸਟੇਜੀ ਨਾਚਾਂ ਵਿਚ ਨਹੀਂ ਹੁੰਦਾ।

5. ਲੋਕ-ਨਾਚ ਸੁਰ-ਤਾਲ ਵਿਚ ਪੂਰਾ ਹੁੰਦਾ ਹੈ। ਬੇਸ਼ੱਕ ਲੋਕ-ਨਾਚ ਵਿਚ ਅਦਾਵਾਂ ਦੀ ਪ੍ਰਦਰਸ਼ਨੀ ਲਈ ਖੁੱਲ੍ਹ ਹੈ, ਸਟੇਜ ਅਤੇ ਪੁਸ਼ਾਕ ਦੀ ਵੀ ਖੁੱਲ੍ਹ ਹੈ ਪਰ ਇਸ ਦੇ ਬਾਵਜੂਦ ਵੀ ਲੋਕ-ਨਾਚ ਸੁਰ ਅਤੇ ਤਾਲ ਵਿਚ ਪੂਰਾ ਹੁੰਦਾ ਹੈ।

ਇਹ ਸੁਰ-ਤਾਲ ਲੋਕਾਂ ਨੂੰ ਸਾਜ਼ਾਂ ਦੀ ਮਦਦ ਨਾਲ ਮੁਹੱਈਆ ਕੀਤੀ ਗਈ ਹੋਵੇ ਤਾਂ ਬਹੁਤ ਚੰਗਾ ਹੈ ਨਹੀਂ ਤਾਂ ਇਹ ਸੁਰ-ਤਾਲ ਲੋਕ ਆਪਣੇ ਹੱਥਾਂ ਅਤੇ ਪੈਰਾਂ ਦੀਆਂ ਹਰਕਤਾਂ ਵਿਚੋਂ ਹੀ ਪੈਦਾ ਕਰ ਲੈਂਦੇ ਹਨ। ਜਿਸ ਤਰ੍ਹਾਂ ਪੈਰਾਂ ਨੂੰ ਘੁੰਗਰੂ ਬੰਨ੍ਹ ਲੈਣਾ, ਹੱਥਾਂ ਨਾਲ ਤਾੜੀ ਮਾਰਨੀ, ਮੂੰਹ ਦੁਆਰਾ ਸੀਟੀ ਮਾਰਨੀ ਆਦਿ। ਪੰਜਾਬੀ ਗਿੱਧੇ ਨੂੰ ਕਿਸੇ ਸਾਜ਼ ਦੀ ਜ਼ਰੂਰਤ ਨਹੀਂ, ਸਿਰਫ ਹੱਥਾਂ ਦੀਆਂ ਤਾੜੀਆਂ ਮਾਰ ਕੇ ਤਾਲ ਪੈਦਾ ਕਰ ਲਿਆ ਜਾਂਦਾ ਹੈ।

6. ਲੋਕ-ਨਾਚ ਦੀਆਂ ਮੁਦਰਾਵਾਂ (ਇਸ਼ਾਰੇ) ਸਿੱਧੇ ਸੰਕੇਤ ਹੁੰਦੇ ਹਨ। ਇਸ ਦਾ ਸਪਸ਼ਟ ਭਾਵ ਇਹ ਹੈ ਕਿ ਭਾਵ ਸਿੱਧੇ ਤੇ ਨਿਸੰਗ ਰੂਪ ਵਿਚ ਪ੍ਰਗਟਾਏ ਜਾਂਦੇ ਹਨ। ਜੇਕਰ ਕੋਈ ਮੁਦਰਾ ਕਾਮ-ਪ੍ਰਵਿਰਤੀ ਨਾਲ ਸੰਬੰਧਿਤ ਹੈ, ਤਾਂ ਭਾਰਤ ਨਾਟਿਅਮ ਜਾਂ ਕਥਾਕਲੀ ਵਾਂਗ ਇਹ ਜਟਿਲ ਅਤੇ ਗੁੰਝਲਦਾਰ ਰੂਪ ਵਿਚ ਨਹੀਂ ਪ੍ਰਗਟਾਈ ਜਾਂਦੀ ਸਗੋਂ ਸਿੱਧਾ ਇਸ਼ਾਰਾ ਕੀਤਾ ਜਾਂਦਾ ਹੈ। ਕਲਾਸੀਕਲ ਨਾਚਾ ਦੀਆਂ ਮੁਦਰਾਵਾਂ ਨੂੰ ਤਾਂ ਕਈ ਵੇਰ ਵੱਡਾ ਵਿਦਵਾਨ ਵੀ ਨਹੀਂ ਸਮਝ ਸਕਦਾ। ਪਰ ਲੋਕ-ਨਾਚ ਦੀਆਂ ਮੁਦਰਾਵਾਂ ਜਨ ਸਾਧਾਰਨ ਦੇ ਸਮਝ ਆ ਸਕਣ ਵਾਲੀਆਂ ਹੁੰਦੀਆਂ ਹਨ। ਇਸ ਦੇ ਬਾਵਜੂਦ ਵੀ ਇਹ ਅਦਾਵਾਂ ਅਸ਼ਲੀਲ ਨਹੀਂ ਹੁੰਦੀਆਂ, ਇਨ੍ਹਾਂ ਵਿਚ ਬਕਾਇਦਾ ਇਕ ਸੰਜਮ ਕੰਮ ਕਰ ਰਿਹਾ ਹੁੰਦਾ ਹੈ। ਇਨ੍ਹਾਂ ਲੱਛਣਾਂ 'ਤੇ ਆਧਾਰਤ ਲੋਕ ਨਾਚ ਨੂੰ ਪਰਿਭਾਸ਼ਤ ਕਰ ਸਕਣਾ ਸੰਭਵ ਹੈ। ਲੋਕ-ਨਾਚ, ਲੋਕਾਂ ਦੀ ਖੁਸ਼ੀ ਦੀ ਸਹਿਜ ਸੁਭਾ, ਸੁਮਾਪਮਈ ਤੇ ਸੁਰ-ਤਾਲ ਭਰਪੂਰ ਅਭਿਵਿਅਕਤੀ ਹੈ।

**ਪੰਜਾਬੀ ਲੋਕ-ਨਾਚ**

ਪੰਜਾਬ ਵਿਚ ਔਰਤਾਂ ਅਤੇ ਮਰਦਾਂ ਦੇ ਨਾਚ ਵੱਖਰੇ-ਵੱਖਰੇ ਹਨ। ਸੁਣਿਆ ਹੈ ਕਦੀ ਗਿੱਧੇ ਵਿਚ ਮੁੰਡੇ ਵੀ ਸ਼ਾਮਲ ਹੋ ਜਾਇਆ ਕਰਦੇ ਸਨ। ਪੰਜਾਬ ਦੇ ਕਈ ਇਲਾਕਿਆਂ ਵਿਚ ਇਹ ਰਿਵਾਜ ਪ੍ਰਚੱਲਤ ਰਿਹਾ ਹੈ। ਪਰ ਮੇਰੀ ਦਾਦੀ ਜਿਹੜੀ ਸੌ ਸਾਲ ਤੋਂ ਵੀ ਉਪਰ ਉਮਰ ਦੀ ਸੀ, ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਉਸ ਨੇ ਮੁੰਡੇ-ਕੁੜੀਆਂ ਦਾ ਕਦੇ ਇਕੱਠਾ ਗਿੱਧਾ ਪੈਂਦਾ ਨਹੀਂ ਵੇਖਿਆ। ਵੈਸੇ ਪੰਜਾਬ ਵਿਚ ਮਰਦਾਂ ਨੂੰ ਤੀਵੀਆਂ ਦੇ ਨਾਚ ਵੇਖਣ ਦੀ ਮਨਾਹੀ ਹੈ, ਤੀਵੀਆਂ ਮਰਦਾਂ ਦੇ ਨਾਚ ਦੇਖ ਸਕਦੀਆਂ ਹਨ। ਪਰ ਮੇਲਿਆਂ ਵਿਚ ਉਹ ਇਹ ਨਾਚ ਨਹੀਂ ਦੇਖ ਸਕਦੀਆਂ। ਹੋਰ ਸੂਬਿਆਂ ਵਿਚ ਕਈ ਨਾਚ ਅਜਿਹੇ ਹਨ ਜਿਹੜੇ ਤੀਵੀਆਂ ਤੇ ਮਰਦ ਰਲ ਕੇ ਨੱਚ ਸਕਦੇ ਹਨ। ਇਨ੍ਹਾਂ ਵਿਚ ਸੰਥਾਲ ਦੇ ਲੋਕਾਂ ਦੇ ਨਾਚ ਪ੍ਰਮੁੱਖ ਹਨ। ਆਸਾਮ ਵਿਚ ਵੀ ਵਾਢੀ ਸਮੇਂ ਜੋ ਖੰਗਲਿਮ ਨਾਚ ਨੱਚਿਆ ਜਾਂਦਾ ਹੈ ਉਹ ਔਰਤਾਂ ਅਤੇ ਮਰਦਾਂ ਦਾ ਸਾਂਝਾ ਨਾਚ ਹੈ।

ਅੱਜ ਕੱਲ੍ਹ ਕਾਲਜਾਂ, ਯੂਨੀਵਰਸਿਟੀਆਂ ਅਤੇ ਰਾਜ ਦੇ ਲੋਕ-ਸੰਪਰਕ ਵਿਭਾਗ ਵੱਲੋਂ ਕਰਵਾਏ ਗਏ ਕੁੜੀਆਂ ਦੇ ਲੋਕ-ਨਾਚ, ਮਰਦ ਵੇਖ ਸਕਦੇ ਹਨ ਕਿਉਂਕਿ ਉਹ ਮਰਦਾਂ ਨੂੰ ਦਿਖਾਉਣ ਲਈ ਹੀ ਕਰਵਾਏ ਗਏ ਹੁੰਦੇ ਹਨ ਪਰ ਇਨ੍ਹਾਂ ਨਾਚਾਂ ਵਿਚ ਉਹ ਖੜਕਾ-ਦੜਕਾ ਨਹੀਂ ਹੁੰਦਾ ਜਿਹੜਾ ਕਿ ਵਾਸਤਵ ਵਿਚ ਇਨ੍ਹਾਂ ਨਾਚਾਂ ਦੇ ਸੰਦਰਭ ਵਿਚ ਹੁੰਦਾ ਹੈ।

**ਗਿੱਧਾ**

ਗਿੱਧਾ ਪੰਜਾਬ ਦਾ ਸ਼੍ਰੋਮਣੀ ਲੋਕ-ਨਾਚ ਹੈ। ਇਹ ਪੰਜਾਬ ਦੇ ਮਾਲਵੇ ਖੇਤਰ ਵਿਚ ਵਧੇਰੇ ਪ੍ਰਚੱਲਤ ਹੈ। ਇਸ ਖੇਤਰ ਵਿਚ ਇਸ ਨੂੰ ਗਿੱਧਾ ਪਾਉਣਾ ਆਖਦੇ ਹਨ। ਮੁੱਖ ਤੌਰ 'ਤੇ ਗਿੱਧਾ ਔਰਤਾਂ ਦਾ ਨਾਚ ਹੈ, ਪਰ ਛਪਾਰ ਮੇਲੇ 'ਤੇ ਮਰਦ ਵੀ ਗਿੱਧਾ ਪਾਉਂਦੇ ਦੇਖੇ ਜਾ ਸਕਦੇ ਹਨ। ਗਿੱਧਾ ਵਿਆਹ ਸ਼ਾਦੀਆਂ ਤੇ ਹੋਰ ਖੁਸ਼ੀ ਦੇ ਮੌਕਿਆਂ 'ਤੇ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਤੀਆਂ ਦਾ ਗਿੱਧਾ ਵਿਸ਼ੇਸ਼ ਤੌਰ 'ਤੇ ਇਕ ਤਿਉਹਾਰ ਵਜੋਂ ਮਨਾਹਿਆ ਜਾਦਾ ਹੈ। ਉਦੋਂ ਤਾਂ ਲੰਘੇ ਜਾਂਦੇ ਗਿੱਧੇ ਨੂੰ ਕੁੜੀਆਂ ਆਵਾਜ਼ਾ ਮਾਰਦੀਆਂ ਹਨ :

ਸਾਉਣ ਮਹੀਨੇ ਘਾ ਹੋ ਚਲਿਆ
ਰੱਜਣ ਮੱਝੀਆਂ ਗਾਈਂ
ਗਿੱਧਿਆ ਪਿੰਡ ਵੜ ਵੇ,
ਲਾਂਭ ਲਾਂਭ ਨਾ ਜਾਈਂ

ਗਿੱਧੇ ਦਾ ਸਹਾਇਕ ਲੋਕ-ਕਾਵਿ ਹੈ ਬੋਲੀਆਂ ਜੋ ਗਿੱਧੇ ਨੂੰ ਤਾਲ ਪ੍ਰਦਾਨ ਕਰਦੀਆ ਹਨ। ਇਨ੍ਹਾਂ ਦੇ ਸਹਾਰੇ ਹੀ ਗਿੱਧੇ ਦੀ ਗਤੀ ਚਲਦੀ ਹੈ। ਬੋਲੀਆਂ ਇਕ ਤੁਕੀਆਂ, ਤਿੰਨ ਚਾਰ, ਪੰਜ ਛੇ, ਸੱਤ ਜਾਂ ਅੱਠ ਤੁਕੀਆਂ ਵੀ ਹੋ ਸਕਦੀਆਂ ਹਨ। ਇਕ ਤੁਕੀਆਂ ਬੋਲੀਆਂ ਵਧੇਰੇ ਹਨ। ਇਨ੍ਹਾਂ ਨੂੰ ਕਿਸੇ ਕਾਵਿ ਬੰਧਨ ਵਿਚ ਨਹੀਂ ਪੈਣਾ ਪੈਂਦਾ। ਇਨ੍ਹਾਂ ਬੋਲੀਆਂ ਵਿਚ

ਲੋਹੜੇ ਦਾ ਸੇਕ ਅਤੇ ਭਾਵਾਂ ਦਾ ਨਿਸੰਗ ਪ੍ਰਗਟਾਅ ਹੁੰਦਾ ਹੈ :

ਮੇਰੀ ਬੱਕਰੀ ਚਰਾ ਲਿਆ ਦਿਓਰਾ
ਮੈਂ ਨਾ ਤੇਰਾ ਹੱਕ ਰੱਖਦੀ
...................................
ਕਿਹੜੇ ਯਾਰ ਦਾ ਤੱਤਾ ਦੁੱਧ ਪੀਤਾ
ਸੜ ਗਈਆਂ ਲਾਲ ਬੁੱਲ੍ਹੀਆਂ।

ਇਸ ਤਰ੍ਹਾਂ ਸਮਾਜਕ ਤੌਰ 'ਤੇ ਭਾਵੇਂ ਕੁਝ ਕਹਿਣ ਲਈ ਬੰਦਸ਼ਾਂ ਹੀ ਕਿਉਂ ਨਾ ਹੋਦ ਪਰ ਗਿੱਧੇ ਵਿਚ ਹਰ ਗੱਲ ਕਹੀ ਜਾ ਸਕਦੀ ਹੈ।

ਗਿੱਧਾ ਪਾਉਣ ਲਈ ਕੁੜੀਆਂ ਇਕ ਘੇਰਾ ਬਣਾ ਲੈਂਦੀਆਂ ਹਨ। ਸੰਭਵ ਹੋ ਸਕੇ ਤਾਂ ਇਕ ਕੁੜੀ ਢੋਲਕੀ ਜਾਂ ਘੜਾ ਵਜਾਉਣ ਲੱਗ ਪੈਂਦੀ ਹੇ, ਆਮ ਤੌਰ 'ਤੇ ਬਿਨਾ ਕਿਸੇ ਸਾਜ਼ ਤੋ 'ਹੀ ਕੰਮ ਸਾਰ ਲਿਆ ਜਾਂਦਾ ਹੈ। ਵਿਚਕਾਰ ਘੇਰੇ ਵਿਚ ਕੁੜੀਆਂ ਦੋ ਦੋ ਦੀਆਂ ਜੋਟੀਆਂ ਜਾਂ ਇਕੱਲੇ ਨੱਚਦੀਆਂ ਹਨ। ਇਕ ਮੁਹਰਨ ਕੁੜੀ ਜੋ ਗਿੱਧੇ ਦਾ ਸੰਚਾਲਨ ਕਰਦੀ ਹੈ ਤੇ ਸਭ ਤੋਂ ਵੱਧ ਨੱਚਦੀ ਹੈ, ਨੂੰ ਗਿੱਧੇ ਦੀ ਮੁਰੈਲਣ ਕਿਹਾ ਜਾਂਦਾ ਹੈ। ਘੇਰੇ ਵਿਚ ਖੜੀਆਂ ਕੁੜੀਆਂ (ਗਿੱਧਾ) ਤਾਲੀ ਮਾਰ ਕੇ ਤਾਲ ਦਿੰਦੀਆਂ ਹਨ। ਇਕ ਕੁੜੀ ਬੋਲੀ ਪਾਉਂਦੀ ਹੈ। ਜਦੋਂ ਬੋਲੀ ਦਾ ਤੋੜ ਟੁੱਟਦਾ ਹੈ ਤਾਂ ਗਿੱਧੇ ਦੀ ਸਪੀਡ ਵੱਧ ਜਾਂਦੀ ਹੈ ਤੇ ਨੱਚਣ ਵਾਲੀਆਂ ਕੁੜੀਆਂ ਖੁੜਦੁਮ ਮਚਾਉਣ ਲੱਗ ਪੈਂਦੀਆਂ ਹਨ। ਤੋੜਾ ਟੁੱਟਦਾ ਰਹਿੰਦਾ ਹੈ ਤੇ ਕੁੜੀਆਂ ਨੱਚਦੀਆਂ ਰਹਿੰਦੀਆਂ ਹਨ। ਜਦੋਂ ਪਿੜ ਤੋੜੇ ਨੂੰ ਛੱਡ ਦਿੰਦਾ ਹੈ ਤਾਂ ਗਿੱਧਾ ਬੰਦ ਹੋ ਜਾਂਦਾ ਹੈ। ਹੋਰ ਬੋਲੀ ਸ਼ੁਰੂ ਹੋ ਜਾਂਦੀ ਹੈ, ਇਸ ਤਰ੍ਹਾਂ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ।

ਗਿੱਧਾ ਕਿਸੇ ਕਠੋਰ ਨਿਯਮ ਪ੍ਰਬੰਧ ਦੀ ਪਾਲਣਾ ਨਹੀਂ ਕਰਦਾ। ਹਰ ਮੁਟਿਆਰ ਆਪਣੇ ਢੰਗ ਨਾਲ, ਆਪਣੀਆਂ ਮੁਦਰਾਵਾਂ ਨਾਲ ਨੱਚ ਸਕਦੀ ਹੈ। ਸ਼ਰਤ ਸਿਰਫ ਇਕ ਹੀ ਹੈ, ਉਸਦਾ ਇਹ ਕਾਰਜ ਤਾਲਬੱਧ ਹੋਣਾ ਚਾਹੀਦਾ ਹੈ। ਨੱਚਣ ਵਾਲੀ ਮੁਟਿਆਰ ਆਪਦੇ ਸਰੀਰ ਨੂੰ ਲਚਕਾਉਂਦੀ ਹੋਈ, ਕਦੀ ਛਾਤੀਆਂ ਹਲਾਉਂਦੀ ਹੈ, ਕਦੀ ਲੱਕ ਨੂੰ ਵਲ ਦਿੰਦੀ ਹੈ, ਕਦੀ ਬਾਹਾਂ ਨੂੰ ਉਲਾਰਦੀ ਹੈ, ਕਦੀ ਕੋਡੇ ਹੋ ਕੇ, ਕਦੀ ਘੁੰਡ ਕੱਢ ਕੇ, ਕਦੀ ਬਾਹਾਂ ਨੂੰ ਉਪਰ ਹੇਠਾਂ ਕਰਕੇ ਖੂਬ ਕੁੱਦਦੀ ਹੈ। ਕਈ ਵਾਰੀ ਮੂੰਹ ਵਿਚ ਤਾਲ ਦੇ ਨਾਲ ਰਲਦੀਆਂ ਅਵਾਜ਼ਾਂ ਕੱਢਦੀ ਹੈ। ਗਿੱਧੇ ਦਾ ਇਕ ਨਿਯਮ ਕਰਮ ਦਾ ਤਾਲਬੱਧ ਹੋਣਾ ਹੈ। ਬਾਕੀ ਹਰ ਗੱਲ ਦੀ ਖੁੱਲ੍ਹ ਮਿਲ ਸਕਦੀ ਹੈ। ਅੱਜ ਵੀ ਪੰਜਾਬ ਦਾ ਇਹ ਹਰਮਨ ਪਿਆਰਾ ਨਾਚ ਹੈ ਜੋ ਸੁਆਣੀਆਂ ਆਪਣੀ ਖੁਸ਼ੀ ਨੂੰ ਪ੍ਰਗਟ ਕਰਨ ਲਈ ਪਾਉਂਦੀਆਂ ਹਨ।

ਬੇਸ਼ਕ ਗਿੱਧਾ ਮੁਟਿਆਰਾਂ ਦਾ ਨਾਚ ਹੈ, ਪਰ ਕਦੀ ਕਦਾਈਂ ਮੇਲੇ ਮਸਾਵੇ 'ਤੇ ਮਰਦ ਵੀ ਗਿੱਧਾ ਪਾ ਲੈਂਦੇ ਹਨ। ਮਰਦਾਂ ਦੇ ਗਿੱਧੇ ਵਿਚ ਨਾਚ ਦੇ ਅੰਸ਼ ਬਹੁਤ ਘੱਟ ਹੁੰਦੇ ਹਨ। ਸ਼ਾਇਦ ਗੇਲੀਆਂ ਵਰਗੇ ਸਰੀਰਾਂ ਵਿਚ ਲਚਕ ਦੀ ਘਾਟ ਹੋਣ ਕਰਕੇ ਅਜਿਹਾ ਹੁੰਦਾ ਹੋਵੇ ਮਰਦਾਂ ਦੇ ਗਿੱਧੇ ਵਿਚ ਸਾਜ਼ ਖਾਸ ਕਰ ਕਾਟੋ, ਛਾਪਾਂ, ਤੂੰਬਾ, ਅਲਗੋਜ਼ਾ ਆਦਿ ਖੂਬ ਰੰਗ ਬੰਨ੍ਹ ਦਿੰਦੇ ਹਲ। ਗਿੱਧੇ ਦਾ ਇਕ ਸਾਜ਼ ਬੁਗਤੂ ਸੀ। ਜਦੋਂ ਬੁਗਤੂ ਬੋਲਦਾ ਸੀ, ਇਸ ਦਾ ਆਪਣਾ ਮਜ਼ਾ ਸੀ। ਅੱਜ ਕੱਲ੍ਹ ਤਾਂ ਬੁਗਤੂ ਬੁਲਾਉਣਾ, ਮੁਹਾਵਰਾ ਬਣ ਕੇ ਰਹਿ ਗਿਆ ਹੈ। ਮਰਦਾਂ ਦੇ ਗਿੱਧੇ ਵਿਚ ਬਹੁਤ ਜ਼ੋਰ ਕਾਵਿਕ ਪੱਖ 'ਤੇ ਹੁੰਦਾ ਹੈ। ਬੋਲੀਆਂ ਜ਼ਿਆਦਾ ਪਾਈਆਂ ਜਾਂਦੀਆਂ ਹਨ, ਨੱਚਿਆ ਘੱਟ ਜਾਂਦਾ ਹੈ। ਪਰ ਕਹਿੰਦੇ ਹਨ :

ਤੀਵੀਂ ਨੂੰ ਰਾਹ, ਝੋਟੇ ਨੂੰ ਗਾਹ
ਸਭੇ ਰਾਹ ਕੁਰਾਹ

ਜਿਸ ਦਾ ਕੰਮ ਉਸੀ ਨੂੰ ਸਾਜੇ, ਮਰਦਾਂ ਦਾ ਗਿੱਧਾ ਤਾਂ ਡੰਗ ਸਾਰੂ ਹੀ ਹੁੰਦਾ ਹੈ। ਜਿਸ ਨੇ ਜ਼ਿੰਦਗੀ ਵਿਚ ਇਕ ਵਾਰ ਤੀਵੀਆਂ ਦਾ ਗਿੱਧਾ ਵੇਖ ਲਿਆ, ਉਸ ਨੂੰ ਕੋਈ ਹੋਰ ਨਾਚ ਦੇਖਣ ਦੀ ਜ਼ਰੂਰਤ ਨਹੀਂ।

**ਭੰਗੜਾ**

ਭੰਗੜਾ ਪੱਛਮੀ ਪੰਜਾਬ ਦਾ ਇਕ ਪ੍ਰਸਿੱਧ ਨਾਚ ਸੀ ਪਰ ਹੁਣ ਇਹ ਸਾਰੇ ਪੰਜਾਬ ਵਿਚ ਪ੍ਰਵਾਨ ਹੋ ਗਿਆ ਹੈ। ਪਹਿਲਾਂ ਪਹਿਲਾਂ ਇਹ ਪੱਛਮੀ ਪੰਜਾਬ ਦੇ ਜ਼ਿਲ੍ਹੇ ਸ਼ੇਖੂਪੁਰੇ, ਗੁਜਰਾਤ ਅਤੇ ਸਿਆਲਕੋਟ ਵਿਚ ਪ੍ਰਚੱਲਤ ਸੀ। ਭੰਗੜਾ ਇਕ ਕਰੜਾ ਅਤੇ ਜੋਸ਼ੀਲਾ ਨਾਚ ਹੈ। ਇਸ ਨੂੰ ਤਕੜੇ ਬੰਦੇ ਹੀ ਨੱਚ ਸਕਦੇ ਹਨ। ਇਸ ਨਾਚ ਦਾ ਸੰਬੰਧ ਵਿਸਾਖੀ ਨਾਲ ਹੈ

ਅਤੇ ਵਿਸਾਖੀ ਦਾ ਸੰਬੰਧ ਕਣਕ ਦੇ ਪੱਕਣ ਨਾਲ ਹੈ। ਜਦੋਂ ਕਿਸਾਨ ਆਪਣੀ ਪੱਕੀ ਖੇਤੀ ਦੇਖ ਕੇ ਖੁਸ਼ੀ ਵਿਚ ਝੂੰਮਦਾ ਹੈ ਤਾਂ ਉਸ ਦੀ ਖੁਸ਼ੀ ਦੀ ਅਭਿਵਿਅਕਤੀ ਭੰਗੜਾ ਬਣਦਾ ਹੈ।

ਭੰਗੜੇ ਵਿਚ ਪੇਂਡੂ ਸਾਜ਼ ਹੀ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਇਨ੍ਹਾਂ ਸਾਜ਼ਾਂ ਵਿਚ ਢੋਲ ਦਾ ਪ੍ਰਮੁੱਖ ਸਥਾਨ ਹੈ। ਇਸ ਤੋਂ ਬਿਨਾਂ ਬੁਗਤੂ, ਨਗੋਜੇ, ਕਾਟੋ ਆਦਿ ਵੀ ਇਸ ਵਿਚ ਵਰਤੇ ਜਾਂਦੇ ਹਨ। ਭੰਗੜੇ ਵਿਚ ਢੋਲੀ ਦੀ ਅਹਿਮ ਭੂਮਿਕਾ ਹੁੰਦੀ ਹੈ। ਪਹਿਲਾਂ ਢੋਲੀ ਸਿੱਧੀ ਤੇ ਧੀਮੀ ਗਤੀ ਵਿਚ ਭੰਗੜੇ ਦੀ ਤਾਲ ਵਜਾਉਂਦਾ ਹੈ :

| 1 | 2–3 | | 4 | 5 | 6–7 | | 8 |
|---|---|---|---|---|---|---|---|
| ਧਿਨ | ਧ | ਨਾ | ਧਿਨ | ਧਿਨ | ਤ | ਨਾ | ਕਤ |

ਲੋਕ, ਢੋਲੀ ਦੇ ਦੁਆਲੇ ਘੇਰੇ ਘੱਤ ਲੈਂਦੇ ਹਨ। ਆਮ ਤੌਰ 'ਤੇ ਇਸ ਤਾਲ 'ਤੇ ਲੋਕੀ ਮੋਢੇ ਹਿਲਾਉਂਦੇ ਹਨ। ਗੋਡੇ ਅੱਗੇ ਵਧਾ ਕੇ ਸਰੀਰ ਨੂੰ ਅੱਗੇ ਝੁਕਾਅ ਲੈਂਦੇ ਹਨ। ਸਰੀਰ ਦੀਆਂ ਸਾਰੀਆਂ ਹਰਕਤਾਂ ਤਾਲ ਵਿਚ ਬੱਝ ਜਾਂਦੀਆਂ ਹਨ। ਤਾਲ ਗਤੀ ਫੜ੍ਹਦਾ ਜਾਂਦਾ ਹੈ। ਇਸ ਦੇ ਨਾਲ ਹੀ ਸਰੀਰ ਦੀਆਂ ਅਦਾਵਾਂ ਵੀ ਤੇਜ਼ ਹੁੰਦੀਆਂ ਹਨ। ਇਸ ਵਿਚ ਢੋਲੀ ਗਿੜਗਿੜਾ ਮਾਰ ਕੇ ਨੱਚਣ ਵਾਲਿਆਂ ਨੂੰ ਖਬਰਦਾਰ ਕਰਕੇ ਨਾਚ ਦੀ ਗਤੀ ਬਦਲਦਾ ਰਹਿੰਦਾ ਹੈ। ਇਸ ਤਰ੍ਹਾਂ ਨਾਚ ਚਲਦਾ ਰਹਿੰਦਾ ਹੈ। ਜਿਹੜੇ ਥੱਕ ਜਾਂਦੇ ਹਨ ਉਹ ਬੈਠ ਜਾਦੇ ਹਨ। ਨਵੇਂ ਨੱਚਣ ਵਾਲੇ ਘੇਰੇ ਵਿਚ ਆ ਵੜਦੇ ਹਨ। ਇਸ ਵਿਚ ਕਿਸੇ ਸਨਾਤਨੀ ਨਿਯਮ ਦੀ ਪਾਲਣਾ ਨਹੀਂ ਕਰਨੀ ਪੈਂਦੀ। ਨੱਚਣ ਵਾਲੀ ਮੁਦਰਾ ਭਾਵੇਂ ਕੋਈ ਵੀ ਹੋਵੇ ਢੋਲ ਦੇ ਤਾਲ ਅਨੁਸਾਰ ਹੋਣੀ ਚਾਹੀਦੀ ਹੈ। ਇਹ ਤਾਲ ਨਹੀਂ ਟੁੱਟਣਾ ਚਾਹੀਦਾ। ਕਈ ਗੱਭਰੂ ਢੋਲ ਦੀ ਤਾਲ 'ਤੇ ਆਪਣੇ ਸਰੀਰਕ ਕਰਤੱਵ ਵੀ ਵਿਖਾਉਂਦੇ ਹਨ। ਇਨ੍ਹਾਂ ਵਿਚ ਕਈ ਅਦਾਵਾਂ ਬਾਜ਼ੀਗਰਾਂ ਦੀ ਬਾਜ਼ੀ ਨਾਲ ਮੇਲ ਖਾਂਦੀਆਂ ਹਨ। ਖੂੰਡਾ ਘੁੰਮਾਉਣਾ, ਛੜੱਪੇ ਮਾਰਨੇ, ਕਾਟੋ ਵਜਾਉਣੀ ਆਦਿ ਕਰਤੱਵ ਦਿਖਾਏ ਜਾਂਦੇ ਹਨ। ਅੱਜ ਕਲ੍ਹ ਤਾਂ ਕਈ ਛੋਟੇ ਮੋਟੇ ਤੇ ਸਿੱਧੇ ਸਾਦੇ ਨਾਟ ਵੀ ਭੰਗੜੇ ਵਿਚ ਆ ਵੜੇ ਹਨ।

**ਝੂਮਰ**

ਪੱਛਮੀ ਪੰਜਾਬ ਦੇ ਸਾਂਦਲ ਬਾਰ ਦੇ ਇਲਾਕੇ ਵਿਚ ਝੂੰਮਰ ਨਾਂ ਦਾ ਨਾਚ ਨੱਚਿਆ ਜਾਂਦਾ ਸੀ। ਅੱਜ ਕੱਲ੍ਹ ਇਹ ਨਾਚ ਇਕੱਠੇ ਤੌਰ 'ਤੇ ਪੰਜਾਬ ਦੇ ਕਿਸੇ ਹਿੱਸੇ ਵਿਚ ਤਾਂ ਨਹੀਂ ਨੱਚਿਆ ਜਾਂਦਾ, ਪਰ ਭੰਗੜੇ ਨੇ ਇਸ ਨਾਚ ਦੇ ਕਈ ਐਕਸ਼ਨ ਅਪਣਾ ਲਏ ਹਨ। ਝੁੰਮਰ ਦਾ ਜ਼ਰੂਰੀ ਸਾਜ਼ ਵੀ ਢੋਲ ਹੈ। ਝੁੰਮਰ ਦੀਆਂ ਤਿੰਨ ਤਾਲਾਂ ਹਨ। ਪਹਿਲੀ ਧੀਮੀ, ਦੂਸਰੀ ਮੱਧਮ ਤੇ ਤੀਸਰੀ ਤੇਜ਼। ਇਨ੍ਹਾਂ ਨੂੰ ਕ੍ਰਮਵਾਰ ਝੁੰਮਰ ਦੀ ਤਾਲ, ਛੀਣਾ ਛੜਨਾ ਤੇ ਧਮਾਲ ਆਖਦੇ ਹਨ। ਝੁੰਮਰ ਦੀ ਤਾਲ ਇਉਂ ਹੈ :

ਧਿਨ-ਧਿਨ ਤਿਨਾਕੇ ਤਾ ਤਾ ਤਿਨਾਕੇ

ਪਹਿਲਾਂ ਨੱਚਣ ਵਾਲੇ ਬਾਹਾਂ ਉਪਰ ਨੂੰ ਕਰਕੇ ਖੜ੍ਹ ਜਾਂਦੇ ਹਨ। ਫਿਰ ਤਾਲ ਵਿਚ ਖੱਬਾ ਪੈਰ ਅੱਗੇ ਰੱਖ ਕੇ ਬਾਹਾਂ ਨੂੰ ਹੁਲਾਰਾ ਦੇ ਕੇ ਹੱਥਾਂ ਨੂੰ ਹਿਲਾਉਂਦੇ ਹਨ। ਫਿਰ ਮੁੱਠੀਆਂ ਮੀਚ ਕੇ ਛਾਤੀ ਕੋਲ ਕਰਕੇ ਅੱਗੇ ਪਿੱਛੇ ਕਰਦੇ ਹਨ। ਫਿਰ ਸਾਰੇ ਸਰੀਰ ਨੂੰ ਹੁਲਾਰਾ ਮਾਰਦੇ ਹੋਏ ਛਾਤੀ ਕੋਲ ਤਾੜੀ ਮਾਰਦੇ ਹਨ। ਫਿਰ ਚੀਣਾ ਛੜਨਾ ਸ਼ੁਰੂ ਹੋ ਜਾਂਦਾ ਹੈ, ਜਿਸ ਦੀ ਤਾਲ ਹੈ :

ਤਾ ਕਿ ਤਾ ਧਿਨ ਤਾ ਕਿਤਾ

ਇਸ ਤਾਲ 'ਤੇ ਨੱਚਣ ਵਾਲੇ ਮੁੱਠੀਆਂ ਮੀਚ ਕੇ ਛਾਤੀ ਅੱਗੇ ਰੱਖ ਕੇ ਹੇਠਾਂ ਵੱਲ ਝਟਕਾ ਮਾਰਦੇ ਹਨ ਅਤੇ ਇਸ ਤੋਂ ਬਾਅਦ ਧਮਾਲ ਪੈਣਾ ਸ਼ੁਰੂ ਹੋ ਜਾਂਦਾ ਹੈ। ਫਿਰ ਢੋਲੀ ਜਾਣੇ ਜਾਂ ਨੱਚਣ ਵਾਲੇ। ਇਸ ਨਾਚ ਨੂੰ ਭੰਗੜੇ ਨੇ ਕਾਫੀ ਹੱਦ ਤੱਕ ਅਪਣਾ ਲਿਆ ਹੈ।

**ਸੰਮੀ**

ਇਸ ਇਲਾਕੇ ਵਿਚ ਔਰਤਾਂ ਦਾ ਇਕ ਸੰਮੀ ਨਾਚ ਵੀ ਨੱਚਿਆ ਜਾਂਦਾ ਸੀ। ਪਰ ਵੰਡ ਤੋਂ ਬਾਅਦ ਇਹ ਨਾਚ ਵੀ ਖਿੰਡ-ਪੁੰਡ ਗਿਆ। ਹੁਣ ਪਤਾ ਨਹੀਂ ਪਾਕਿਸਤਾਨ ਵਿਚ ਇਹ ਨਾਚ ਨੱਚਿਆ ਜਾਂਦਾ ਹੈ ਜਾਂ ਨਹੀਂ। ਇਸ ਨਾਚ ਦਾ ਨਾਂ ਇਕ ਕੁੜੀ ਸੰਮੀ ਦੇ ਨਾਂ ਤੇ ਪਿਆ ਸੀ ਜਿਸ ਦਾ ਪਤੀ ਕਹਿੰਦੇ ਹਨ ਉਸ ਨੂੰ ਛੱਡ ਗਿਆ ਸੀ। ਇਸ ਨਾਚ ਵਿਚ ਕੁੜੀਆਂ ਘੇਰਾ ਬਣਾ ਕੇ ਖੜ੍ਹ ਜਾਂਦੀਆਂ ਹਨ। ਬਾਂਹਾਂ ਵਿਚ ਬਾਂਹਾਂ ਪਾ ਕੇ ਇਕ ਪੈਰ ਦੀ ਧਮਕ ਨਾਲ ਤਾਲ ਦਿੰਦੀਆਂ ਹਨ। ਗਾਣਾ ਗਾਉਂਦੀਆਂ ਹੋਈਆਂ ਇਕ ਚੱਕਰ ਵਿਚ ਘੁੰਮਦੀਆਂ ਹਨ। ਇਸ ਨਾਚ ਵਿਚ ਵੀ ਢੋਲਕ ਵਰਤ ਲਈ ਜਾਂਦੀ ਹੈ। ਇਸ ਵਿਚ

ਕਈ ਝੁੰਮਰ ਵਾਲੀਆਂ ਮੁਦਰਾਵਾਂ ਵੀ ਦੁਹਰਾਈਆਂ ਜਾਂਦੀਆਂ ਹਨ। ਇਸ ਨਾਚ ਵਿਚ ਬ੍ਰਿਹੋਂ ਦੀ ਭਾਵਨਾ ਦੀ ਝਲਕ ਪੈਂਦੀ ਹੈ। ਇਹ ਨਾਚ ਅੱਜ ਕੱਲ੍ਹ ਦੇ ਪੰਜਾਬ ਵਿਚ ਪ੍ਰਚੱਲਤ ਨਹੀਂ ਰਿਹਾ।

**ਲੁੱਡੀ**

ਅੱਜ ਕੱਲ੍ਹ ਦੇ ਪੰਜਾਬ ਵਿਚ ਇਕ ਪ੍ਰਚੱਲਤ ਅਤੇ ਹਰਮਨ ਪਿਆਰਾ ਨਾਚ ਲੁੱਡੀ ਹੈ। ਲੁੱਡੀ ਖੁਸ਼ੀ ਦਾ ਨਾਚ ਹੈ ਅਤੇ ਕਿਸੇ ਜਿੱਤ ਦੀ ਖੁਸ਼ੀ ਵਿਚ ਗਾਇਆ ਜਾਂਦਾ ਹੈ। ਲੁੱਡੀ ਦਾ ਤਾਲ ਬੜਾ ਸਾਧਾਰਨ ਹੈ :

ਤਣ ਧਿਮਗਣ ਤਣਣ

ਮਸਤ ਹੋਏ ਲੋਕ ਢੋਲੀ ਦੁਆਲੇ ਨੱਚਦੇ ਹਨ। ਪਹਿਲਾਂ ਛਾਤੀ ਅੱਗੇ ਤਾੜੀ ਮਾਰਦੇ ਹਨ, ਮੋਢੇ ਹਿਲਾਉਂਦੇ ਹਨ। ਫਿਰ ਤਿੰਨ ਤਾੜੀਆਂ ਬਾਹਰਲੇ ਪਾਸੇ ਝੁਕ ਕੇ ਲਾਉਂਦੇ ਹਨ। ਫਿਰ ਢੋਲੀ ਦੇ ਇਸ਼ਾਰੇ ਉਤੇ ਸੱਜੀ ਲੱਤ ਅਤੇ ਸੱਜੀ ਬਾਂਹ ਚੁੱਕ ਕੇ ਘੁੰਮਦੇ ਹਨ। ਕਈ ਵਾਰ ਮੂੰਹ ਵਿਚੋਂ ਬੱਲੇ ਬੱਲੇ ਉਈ ਦੀਆਂ ਆਵਾਜ਼ਾਂ ਵੀ ਕੱਢਦੇ ਹਨ। ਇਹ ਨਾਚ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਥੋੜ੍ਹੇ ਬਹੁਤ ਅੰਤਰ ਨਾਲ ਜਿੱਤ ਦੀ ਖੁਸ਼ੀ ਵਿਚ ਨੱਚਿਆ ਜਾਂਦਾ ਹੈ।

**ਕਿੱਕਲੀ**

ਕਈ ਵਿਦਵਾਨ ਕਿੱਕਲੀ ਨੂੰ ਲੋਕ ਨਾਚ ਮੰਨਦੇ ਹਨ। ਮੇਰੀ ਜਾਚੇ ਇਹ ਉਚਿਤ ਨਹੀਂ। ਇਹ ਇਕ ਖੇਡ ਹੈ। ਕਈ ਖੇਡਾਂ ਨਾਚ ਵਰਗੀਆਂ ਵੀ ਹੋ ਸਕਦੀਆਂ ਹਨ।

ਅੱਜ ਦਾ ਪੰਜਾਬ ਬਹੁਤ ਛੋਟਾ ਹੈ। ਇਸ ਨੂੰ ਕਈ ਵੰਡਾਂ ਦਾ ਸਾਹਮਣਾ ਕਰਨਾ ਪਿਆ ਹੈ। ਸਭ ਤੋਂ ਵੱਡਾ ਧੱਕਾ ਤਾਂ ਪੰਜਾਬੀ ਨਾਚਾਂ ਤੇ ਸੰਸਕ੍ਰਿਤੀ ਨੂੰ 1947 ਦੀ ਵੰਡ ਸਦਕਾ ਲੱਗਾ। ਪੰਜਾਬ ਦੇ ਬਹੁਤ ਸਾਰੇ ਇਲਾਕੇ ਪਾਕਿਸਤਾਨ ਵਿਚ ਸ਼ਾਮਲ ਹੋ ਗਏ ਜਿਸ ਸਦਕਾ ਝੁੰਮਰ ਅਤੇ ਸੰਮੀ ਵਰਗੇ ਸ਼ਕਤੀਸ਼ਾਲੀ ਨਾਚ ਖਿੰਡਰ ਪੁੰਡਰ ਗਏ। ਜਿਹੜੇ ਲੋਕ ਉਧਰੋਂ ਆਏ ਸਨ, ਉਹ ਇਕ ਥਾਂ 'ਤੇ ਵਸ ਨਾ ਸਕੇ। ਇਸ ਕਰਕੇ ਉਨ੍ਹਾਂ ਨੂੰ ਆਪਣੀ ਸਭਿਆਚਾਰਕ ਪਹਿਚਾਣ ਰੱਖਣੀ ਮੁਸ਼ਕਲ ਹੋ ਗਈ। ਇਸ ਤੋਂ ਬਾਅਦ 1966 ਵਿਚ ਪੰਜਾਬੀ ਸੂਬਾ ਬਣਨ ਨਾਲ ਹੋਰ ਬਹੁਤ ਸਾਰੇ ਇਲਾਕੇ ਪੰਜਾਬ ਤੋਂ ਬਾਹਰ ਚਲੇ ਗਏ। ਅੱਜ ਕੱਲ੍ਹ ਪੰਜਾਬ ਦੇ ਉਨ੍ਹਾਂ ਲੋਕ ਨਾਚਾਂ ਨੂੰ ਹਿਮਾਚਲੀ ਨਾਚ ਜਾਂ ਹਰਿਆਣਵੀ ਨਾਚਾਂ ਨਾਲ ਜਾਣਿਆ ਜਾਂਦਾ ਹੈ। ਪਰ ਇਕ ਗੱਲ ਬਹੁਤ ਚੰਗੀ ਹੋਈ, ਆਜ਼ਾਦੀ ਆਉਣ ਨਾਲ ਸਕੂਲਾਂ ਅਤੇ ਕਾਲਜਾਂ ਵਿਚ ਲੋਕਾਂ ਨੂੰ ਮਿਲਣ ਜੁਲਣ ਅਤੇ ਇਕ ਦੂਸਰੇ ਦੇ ਨੇੜੇ ਹੋਣ ਦਾ ਮੌਕਾ ਮਿਲਿਆ। ਉਧਰੋਂ ਆਏ ਲੋਕਾਂ ਨੇ ਗਿੱਧੇ ਭੰਗੜੇ ਨੂੰ ਅਪਣਾ ਲਿਆ ਤੇ ਆਪਣੇ ਨਾਚਾਂ ਨੂੰ ਇਸ ਵਿਚ ਸੰਮਲਿਤ ਕਰ ਦਿੱਤਾ ਹੈ। ਅੱਜ ਕੱਲ੍ਹ ਭੰਗੜਾ ਪੰਜਾਬੀ ਲੋਕ-ਨਾਚ ਦਾ ਟਕਸਾਲੀ ਰੂਪ ਹੈ। ਇਸ ਵਿਚ ਝੁੰਮਰ, ਗਿੱਧਾ, ਲੁੱਡੀ ਆਦਿ ਸਾਰੇ ਰੂਪ ਮਿਲ ਸਕਦੇ ਹਨ। ਇਹ ਸਮੇਂ ਦੀ ਬਹੁਤ ਵੱਡੀ ਲੋੜ ਹੈ। ਸਾਨੂੰ ਨਾਚਾਂ ਨੂੰ ਪ੍ਰਚਾਰਨਾ ਚਾਹੀਦਾ ਹੈ। ਪੱਛਮੀ ਪੰਜਾਬ ਖਾਸਕਰ ਸਾਂਦਲ ਬਾਰ ਦੇ ਝੁੰਮਰ ਅਤੇ ਸੰਮੀ ਦੀਆਂ ਅਦਾਵਾਂ ਨੂੰ ਆਪਣੇ ਲੋਕ ਨਾਚਾਂ ਵਿਚ ਪ੍ਰਚੱਲਤ ਰੱਖਣਾ ਚਾਹੀਦਾ ਹੈ। ਸਾਡੇ ਲੋਕ ਨਾਚ, ਸਾਡੇ ਸਾਰੇ ਲੋਕਾਂ ਦੀਆਂ ਸਾਰੀਆਂ ਭਾਵਨਾਵਾਂ ਦੇ ਤੇ ਪੰਜ ਦਰਿਆਵਾਂ ਦੇ ਪ੍ਰਤੀਨਿੱਧ ਹੋਣੇ ਚਾਹੀਦੇ ਹਨ। ਭੰਗੜੇ ਨੇ ਜਿੱਥੇ ਇਹ ਵੱਖੋ ਵੱਖਰੀਆਂ ਅਦਾਵਾਂ ਨੂੰ ਜ਼ਜ਼ਬ ਕਰਨ ਦੀ ਖੁੱਲ੍ਹ ਦਿਖਾਈ ਹੈ, ਗਿੱਧੇ ਨੇ ਅਜਿਹਾ ਨਹੀਂ ਕੀਤਾ।

**ਪੰਜਾਬੀ ਲੋਕ-ਨਾਚਾਂ ਦਾ ਭਵਿੱਖ**

ਪੰਜਾਬੀ ਲੋਕ-ਨਾਚਾਂ ਦੇ ਟਕਸਾਲੀ ਰੂਪ ਵਿਚ ਬੱਝਣ ਦਾ ਕੰਮ ਸ਼ਲਾਘਾਯੋਗ ਹੈ। ਇਸ ਦੇ ਬਾਵਜੂਦ ਵੀ ਇਨ੍ਹਾਂ ਨਾਚਾਂ ਦਾ ਭਵਿੱਖ ਬਹੁਤਾ ਸੁਨਹਿਰਾ ਨਹੀਂ। ਇਸ ਦਾ ਕਾਰਨ ਇਹ ਹੈ ਕਿ ਭਾਰਤ ਸਰਕਾਰ ਸਮੁੱਚੇ ਤੌਰ 'ਤੇ ਖੇਤਰੀ ਕਲਾਵਾਂ ਨੂੰ ਵਿਕਸਤ ਕਰਨ ਲਈ ਸੁਹਿਰਦ ਨਹੀਂ ਹੈ। ਖੇਤਰੀ ਸਰਕਾਰਾਂ ਲੋਕ-ਨਾਚਾਂ ਤੋਂ ਵੱਧ ਕੀਰਤਨ ਅਤੇ ਧਾਰਮਕ ਰਹੁ-ਰੀਤਾਂ ਵਲ ਵਧੇਰੇ ਪ੍ਰੇਰਿਤ ਹਨ। ਪੰਜਾਬ ਦਾ ਟੈਲੀਵੀਜ਼ਨ ਵੀ ਇਨ੍ਹਾਂ ਨਾਚਾਂ ਨੂੰ ਉਤਸ਼ਾਹਿਤ ਨਹੀਂ ਕਰ ਰਿਹਾ। ਪੈਸੇ ਦੇ ਪਸਾਰ, ਮਹਿੰਗਾਈ ਦੀ ਸ਼ਿਕਾਰ ਅਤੇ ਭ੍ਰਿਸ਼ਟ ਸਮਾਜ ਦੀ ਉਸਾਰੀ ਸਦਕਾ, ਲੋਕਾਂ ਦੇ ਖੁਸ਼ੀ ਦੇ ਮੌਕੇ ਘੱਟਦੇ ਜਾ ਰਹੇ ਹਨ। ਜੇਕਰ ਮੌਕੇ ਮਿਲਦੇ ਵੀ ਹਨ ਤਾਂ ਲੋਕ ਨਸ਼ੇ ਦਾ ਸਹਾਰਾ ਲੈ ਕੇ ਹੀ ਨੱਚਦੇ ਹਨ, ਉਨ੍ਹਾਂ ਦੇ ਦਿਲ ਆਪ ਮੁਹਾਰੇ ਨਹੀਂ ਨੱਚਦੇ। ਅਜਿਹੀਆਂ ਕਠੋਰ ਪ੍ਰਸਥਿਤੀਆਂ ਵਿਚ ਇਨ੍ਹਾਂ ਲੋਕ-ਨਾਚਾਂ ਦਾ ਵਿਕਾਸ ਤਾਂ ਇਕ ਪਾਸੇ ਰਿਹਾ ਇਨ੍ਹਾਂ ਦੀ ਹੋਂਦ ਨੂੰ ਵੀ ਖਤਰਾ ਬਣਿਆ ਹੋਇਆ ਹੈ। ਇਹ ਖਤਰਾ ਇਕੱਲਾ ਪੰਜਾਬ ਦੇ ਲੋਕ-ਨਾਚਾਂ ਨੂੰ ਹੀ ਨਹੀਂ। ਡਿਸਕੋ-ਡਾਂਸ ਭਾਰਤ ਦੇ ਹੋਰ ਵੀ ਬਹੁਤ ਸਾਰੇ ਖੇਤਰੀ ਨਾਚਾਂ 'ਤੇ ਕਲਾਵਾਂ 'ਤੇ ਭਾਰੂ ਹੋ ਰਹੇ ਹਨ। ਇਸ ਬਾਰੇ ਹਰ ਇਨਸਾਨ ਨੂੰ ਜੋ ਲੋਕ-ਨਾਚ ਨਾਲ ਪਿਆਰ ਕਰਦਾ ਹੈ, ਸੁਚੇਤ ਤੇ ਖਬਰਦਾਰ ਹੋਣ ਦੀ ਜ਼ਰੂਰਤ ਹੈ।

**ਲੋਕ-ਨਾਟ**

ਲੋਕ-ਨਾਟ ਵੀ ਲੋਕਧਾਰਾ ਦੀ ਇਕ ਪ੍ਰਮੁੱਖ ਵੰਨਗੀ ਹੈ। ਲੋਕ-ਨਾਟ ਮਿਥਿਕ ਕਥਾਵਾਂ ਵਾਂਗ ਹਰ ਤਰ੍ਹਾਂ ਦੀਆਂ ਪ੍ਰਸਥਿਤੀਆਂ ਅਤੇ ਹਰ ਇਤਿਹਾਸਕ ਦੌਰ ਵਿਚ ਪੈਦਾ ਨਹੀਂ ਹੋ ਸਕਦਾ। ਲੋਕ-ਨਾਟ ਦੇ ਪੈਦਾ ਹੋਣ ਲਈ ਵਿਸ਼ੇਸ਼ ਪ੍ਰਸਥਿਤੀਆਂ ਦੀ ਲੋੜ ਹੁੰਦੀ ਹੈ। ਲੋਕ-ਨਾਟ ਦੇ ਵਿਕਾਸ ਲਈ ਪਹਿਲੀ ਗੱਲ ਤਾਂ ਇਹ ਪ੍ਰਮੁੱਖ ਹੈ ਕਿ ਇਹ ਸ਼ਾਂਤੀ ਦੇ ਸਮੇਂ ਹੀ ਵਿਕਾਸ ਕਰ ਸਕਦਾ ਹੈ। ਦੂਸਰਾ, ਇਸ ਦੇ ਵਿਕਾਸ ਕਰਨ ਲਈ ਕੋਈ ਪ੍ਰਮੁੱਖ ਸਮਾਜਕ ਕਾਰਜ ਹੋਣਾ ਚਾਹੀਦਾ ਹੈ, ਇਹ ਕਾਰਜ ਭਾਵੇਂ ਧਾਰਮਕ ਹੀ ਕਿਉਂ ਨਾ ਹੋਵੇ। ਇਸ ਪੱਖ ਤੋਂ ਦੇਖਿਆਂ ਪੰਜਾਬ ਦੀ ਧਰਤੀ ਲੋਕ-ਨਾਟ ਦੇ ਵਿਕਾਸ ਲਈ ਅਨੁਕੂਲ ਵਾਤਾਵਰਣ ਪ੍ਰਦਾਨ ਨਹੀਂ ਕਰ ਸਕੀ। ਪੰਜਾਬ ਵਿਚ ਈਸਵੀ ਸਦੀ ਦੇ ਸ਼ੁਰੂ ਵਿਚ ਇਕ ਨਰੋਈ ਨਾਟ-ਪਰੰਪਰਾ ਕਾਰਜਸ਼ੀਲ ਸੀ। ਪਰ ਸੱਤਵੀਂ ਸਦੀ ਵਿਚ ਮੁਗਲਾਂ ਦੇ ਹੱਲੇ ਸ਼ੁਰੂ ਹੋ ਗਏ। ਇਹਨਾਂ ਹਮਲਿਆਂ ਦੌਰਾਨ ਪੰਜਾਬ ਦਾ ਵਾਤਾਵਰਨ ਸ਼ਾਂਤ ਨਾ ਰਿਹਾ। ਇਹ ਹਮਲੇ ਪੰਦਰਵੀਂ ਸਦੀ ਤੱਕ ਲਗਾਤਾਰ ਜਾਰੀ ਰਹੇ। ਕਲਾਕਾਰਾਂ ਤੇ ਨਾਚਿਆਂ ਦਾ ਕਤਲ ਹੁੰਦਾ ਰਿਹਾ। ਇਹਨਾਂ ਸੱਤ ਸਦੀਆਂ ਦੀ ਉਥਲ ਪੁਥਲ ਤੇ ਗੈਰ ਯਕੀਨੀ ਵਾਤਾਵਰਣ ਨੇ ਪੰਜਾਬ ਵਿਚ ਨਾਟ-ਪਰੰਪਰਾ ਦਾ ਇਕ ਲਿਹਾਜ਼ ਨਾਲ ਪਤਨ ਹੀ ਕਰ ਦਿੱਤਾ।

ਪੰਜਾਬ ਵਿਚ ਪਹਿਲਾਂ ਨਾਚ ਦੀ ਤਰ੍ਹਾਂ ਨਾਟ-ਕਲਾ ਵੀ ਧਾਰਮਕ ਪਰੰਪਰਾ ਨਾਲ ਜੁੜੀ ਹੋਈ ਸੀ। ਮੁਸਲਿਮ ਵਿਸ਼ਵਾਸ ਅਨੁਸਾਰ ਧਾਰਮਕ ਡਰਾਮੇ ਵੈਸੇ ਹੀ ਵਰਜਿਤ ਹਨ। ਭਗਤੀ ਲਹਿਰ ਨੇ ਵੀ ਇਸ ਕਿਸਮ ਦੇ ਡਰਾਮਿਆਂ ਨੂੰ ਨਿਰਉਤਸ਼ਾਹਿਤ ਕੀਤਾ। ਸਤਾਰ੍ਹਵੀਂ ਸਦੀ ਵਿਚ ਖਾਲਸਾ ਪੰਥ ਦੀ ਸਥਾਪਨਾ ਨਾਲ ਇਹ ਪਰੰਪਰਾ ਸਿੱਖ ਸਮੁਦਾਏ ਵਿਚ ਵਰਜਿਤ ਹੋ ਗਈ। ਇਸ ਤਰ੍ਹਾਂ ਧਾਰਮਕ ਪਰੰਪਰਾ ਅਤੇ ਨਾਟ ਪਰੰਪਰਾ ਬਿਲਕੁੱਲ ਅੱਡ ਅੱਡ ਹੋ ਗਈਆਂ। ਪਰ ਸਨਾਤਨੀ ਹਿੰਦੂ ਸਮਾਜ ਨੇ ਇਸ ਪਰੰਪਰਾ ਨੂੰ ਅਪਣਾਈ ਰੱਖਿਆ। ਅੱਜ ਕੱਲ੍ਹ ਇਹ ਪਰੰਪਰਾ ਰਾਮ ਲੀਲਾ ਅਤੇ ਕ੍ਰਿਸ਼ਨ ਲੀਲਾ ਦੇ ਰੂਪ ਵਿਚ ਸੁਰੱਖਿਅਤ ਹੈ।

**ਰਾਮ ਲੀਲਾ**

ਲੋਕ-ਨਾਟ ਪਰੰਪਰਾ ਵਿਚ ਰਾਮ-ਲੀਲਾ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਨੌਰਾਤਿਆਂ ਵਿਚ ਹਰ ਵੱਡੇ ਵੱਡੇ ਕਸਬਿਆਂ ਵਿਚ ਰਮਾਇਣ ਦੀ ਕਥਾ 'ਤੇ ਆਧਾਰਤ, ਭਗਵਾਨ ਰਾਮ ਦਾ ਜੀਵਨ ਰੰਗਮੰਚ 'ਤੇ ਦਰਸਾਇਆ ਜਾਂਦਾ ਹੈ। ਇਸ ਨਾਟ ਦੇ ਪਾਤਰ ਜਨ-ਸਾਧਾਰਨ ਹੁੰਦੇ ਹਨ। ਥੋੜ੍ਹਾ ਬਹੁਤ ਅਭਿਆਸ ਕਰਕੇ, ਸਟੇਜਾਂ ਉਪਰ ਚੰਗਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਰਾਮ ਲੀਲਾ ਵਿਚ ਵਾਸਤਵਿਕਤਾ ਲਿਆਉਣ ਲਈ ਉਪਰਾਲੇ ਕੀਤੇ ਜਾਂਦੇ ਹਨ। ਕਈ ਵਾਰੀ ਰਾਮ ਅਤੇ ਸੀਤਾ ਦਾ ਰੋਲ ਅਦਾ ਕਰ ਰਹੇ ਮੁੰਡੇ ਕੁੜੀ ਦਾ ਵਾਸਤਵਿਕ ਵਿਆਹ ਕਰ ਦਿੱਤਾ ਜਾਂਦਾ ਹੈ। ਰਾਮ ਲੀਲਾ ਵੇਖਣ ਵਾਲਿਆਂ ਵਿਚ ਜਨ-ਸਾਧਾਰਨ ਲੋਕ ਸ਼ਾਮਲ ਹੁੰਦੇ ਹਨ। ਬਿਹਾਰ ਦੇ ਕਈ ਪਿੰਡਾਂ ਵਿਚ ਰਾਮ-ਲੀਲਾ ਰਲਵੇਂ ਰੂਪ ਵਿਚ ਖੇਡੀ ਜਾਂਦੀ ਹੈ। ਇਸ ਵਿਚ ਘੱਟੋ ਘੱਟ ਨੌ ਪਿੰਡ ਸ਼ਾਮਲ ਹੁੰਦੇ ਹਨ। ਇਕ ਪਿੰਡ ਵਿੱਚ ਇਕ ਦਿਨ ਦਾ ਕਾਰਜ ਹੁੰਦਾ ਹੈ। ਦੂਸਰੇ ਦਿਨ ਦੂਸਰੇ ਪਿੰਡ ਹੋਰ ਕਾਰਜ, ਵਿਆਹ ਹੋਰ ਪਿੰਡ ਅਤੇ ਸੀਤਾ ਹਰਨ ਹੋਰ ਪਿੰਡ ਹੁੰਦਾ ਹੈ। ਇਸ ਤਰ੍ਹਾਂ ਸਥਾਨ ਬਦਲਣ ਨਾਲ ਜਿਥੇ ਇਹ ਰਾਮ ਲੀਲਾ ਲੋਕ ਸਮੂਹ ਨੂੰ ਖਿੱਚਣ ਵਿਚ ਸਫਲ ਰਹਿੰਦੀ ਹੈ, ਉੱਥੇ ਇਸ ਵਿਚ ਲੋਕ-ਤੱਤ ਵੀ ਵਧੇਰੇ ਸ਼ਾਮਲ ਹੁੰਦੇ ਰਹਿੰਦੇ ਹਨ।

ਪੰਜਾਬ ਦੇ ਬਹੁਤ ਥੋੜ੍ਹੇ ਪਿੰਡਾਂ ਵਿਚ ਰਾਮ ਲੀਲਾ ਖੇਡੀ ਜਾਂਦੀ ਹੈ। ਪਰ ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਦੀ ਪਰੰਪਰਾ ਦਾ ਇਹ ਇਕ ਅਟੁੱਟ ਭਾਗ ਹੈ। ਲੋਕ ਸਾਲ ਭਰ ਇਸ ਦੀ ਉਡੀਕ ਕਰਦੇ ਰਹਿੰਦੇ ਹਨ। ਕ੍ਰਿਸ਼ਨ ਲੀਲਾ ਜ਼ਿਆਦਾਤਰ ਨਾਟ-ਪਰੰਪਰਾ ਨਾਲ ਸੰਬੰਧਿਤ ਹੈ। ਇਸ ਲਈ ਇਹ ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਵਧੇਰੇ ਪ੍ਰਚਲਤ ਨਹੀਂ।

**ਰਾਸ**

ਰਾਸ ਪੰਜਾਬੀ ਲੋਕ-ਨਾਟ ਦਾ ਅਸੂਲੀ ਰੂਪ ਕਿਹਾ ਜਾ ਸਕਦਾ ਹੈ। ਰਾਸ ਡਰਾਮਾਕਾਰਾਂ ਦੀ ਪੇਸ਼ਾਵਰੀ ਟੋਲੀ ਕਰਦਾ ਹੈ। ਪਰ ਕਲਾਕਾਰ ਪੇਂਡੂ ਪਿਛੋਕੜ ਦੇ ਹੁੰਦੇ ਹਨ। ਇਹ ਇਕ ਤੋਂ ਦੂਸਰੇ ਪਿੰਡ, ਜਿੰਨੀ ਵੀ ਦੇਰ ਕੋਈ ਪਿੰਡ ਰੱਖਣਾ ਚਾਹੇ, ਰਹਿੰਦੇ ਹਨ। ਦਾਲ ਪਾਣੀ ਪਿੰਡ ਵਾਲਿਆਂ ਦਾ ਜੇ ਕੋਈ ਕਮਾਈ ਹੋਵੇ ਉਹ ਰਾਸਧਾਰੀਆਂ ਦੀ ਹੁੰਦੀ ਹੈ। ਇਹ ਲੋਕ, ਲੋਕ-ਪਰੰਪਰਾ ਨਾਲ ਸੰਬੰਧਤ ਕਥਾਵਾਂ 'ਤੇ ਆਧਾਰਤ ਠੇਠ ਬੋਲੀ ਵਿਚ ਨਾਟਕ ਪੇਸ਼ ਕਰਦੇ ਹਨ ਜਿਨ੍ਹਾਂ ਵਿਚ ਰਾਣੀ ਕੋਕਲਾਂ, ਪੂਰਨ ਭਗਤ, ਧਰੂ ਭਗਤ, ਪ੍ਰਹਿਲਾਦ ਭਗਤ, ਧੰਨਾ ਜੱਟ ਆਦਿ ਧਾਰਮਕ ਸੰਵੇਦਨਾਵਾਂ ਵਾਲੇ ਨਾਟਕ ਪੇਸ਼ ਕੀਤੇ ਜਾਂਦੇ ਹਨ।

ਡਰਾਮੇ ਦੇ ਵਿਚਕਾਰ ਗੈਪ ਨੂੰ ਭਰਨ ਲਈ ਇਹ ਚੌਦੇ ਚੌਦੇ ਨਾਚ ਅਤੇ ਗੀਤ ਵੀ ਪੇਸ਼ ਕਰਦੇ ਹਨ। ਇਸ ਤਰ੍ਹਾਂ ਇਸ ਪਰੰਪਰਾ ਦਾ ਲੋਕ-ਨਾਟ ਵਿਚ ਵਿਸ਼ੇਸ਼ ਯੋਗਦਾਨ ਹੈ। ਪਰ ਰਾਸਧਾਰੀਆਂ ਦੀਆਂ ਟੀਮਾਂ ਦਿਨ ਬਾਦਿਨ ਘੱਟਦੀਆਂ ਜਾ ਰਹੀਆਂ ਹਨ। ਪਿੰਡਾਂ ਵਿਚ ਰਾਸਾਂ ਦੇ ਅਨੁਕੂਲ ਵਾਤਾਵਰਨ ਵੀ ਨਹੀਂ ਰਿਹਾ, ਇਸ ਕਰਕੇ ਰਾਸ ਪਵਾਉਣ ਦਾ ਰਿਵਾਜ ਘੱਟਦਾ ਜਾ ਰਿਹਾ ਹੈ।

ਰਾਸਾਂ ਦਾ ਆਪਣਾ ਆਨੰਦ ਹੁੰਦਾ ਹੈ। ਦਰਸ਼ਕ ਪਾਤਰਾਂ ਦੇ ਰੋਲ ਜਾ ਗਾਣੇ ਤੋਂ ਖੁਸ਼ ਹੋ ਕੇ ਜੋ ਰੁਪਈਏ ਦਿੰਦੇ ਹਨ, ਉਸ ਨੂੰ ਵੇਲ ਕਰਾਉਣਾ ਆਖਦੇ ਹਨ। ਕਈ ਅਮਲੀ ਆਪਣੀ ਬੱਕਰੀ, ਕੁੱਤੇ ਜਾਂ ਕੁੱਕੜ ਦੇ ਨਾਂ 'ਤੇ ਵੇਲ ਕਰਵਾਉਂਦੇ ਹਨ ਤਾਂ ਹੋਰ ਵੀ ਰੰਗ ਬਝਦਾ ਹੈ। ਜਦੋਂ ਨਚਾਰ, ਵੇਲ ਵੇਲ ਰੱਤੂ ਅਮਲੀ ਦੀ ਬੱਕਰੀ ਦੇ ਰੁਪਈਏ ਦੀ ਵੇਲ ਕਹਿੰਦਾ ਹੋਇਆ ਟਪੂਸੀਆਂ ਮਾਰਦਾ ਭੀੜ ਵਿਚੋਂ ਰੁਪਈਆ ਫੜ੍ਹਨ ਜਾਂਦਾ ਹੈ ਤਾਂ ਇਹ ਵੀ ਰਾਸ ਦਾ ਅੰਗ ਹੀ ਪ੍ਰਤੀਤ ਹੁੰਦਾ ਹੈ।

**ਨਕਲਾਂ**

ਰਾਸ ਤੋਂ ਬਾਅਦ ਜੇਕਰ ਲੋਕ-ਨਾਟ ਦੀ ਪੰਜਾਬ ਵਿਚ ਕੋਈ ਹਰਮਨ ਪਿਆਰੀ ਵੰਨਗੀ ਹੈ ਤਾਂ ਉਹ ਨਕਲਾਂ ਕਹੀਆਂ ਜਾ ਸਕਦੀਆਂ ਹਨ। ਨਕਲਾਂ ਵਿਚ ਮਰਾਸੀ ਮਾਹਰ ਹੁੰਦੇ ਹਨ। ਨਕਲਾਂ ਵਿਚ ਦੋ ਪਾਤਰ ਬਣ ਜਾਂਦੇ ਹਨ, ਇਕ ਦੂਸਰੇ ਨੂੰ ਟਿੱਚਰਾਂ ਕਰਦੇ ਹਨ। ਇਹ ਇਕ ਹਸਾਉਣਾ ਨਾਟ ਹੈ। ਨਕਲ ਵਿਚ ਵਿਅੰਗ ਦੀ ਪ੍ਰਧਾਨਤਾ ਹੁੰਦੀ ਹੈ। ਕਿਸੇ ਵੱਡੇ ਤੋਂ ਵੱਡੇ ਵਿਅਕਤੀ ਜਾਂ ਸਮਾਜਕ ਪਰੰਪਰਾ 'ਤੇ ਨਕਲਾਂ ਰਾਹੀਂ ਵਿਅੰਗ ਕਸਿਆ ਜਾ ਸਕਦਾ ਹੈ।

ਇਸ ਦੇ ਪਾਤਰਾਂ ਦਾ ਪਹਿਰਾਵਾ ਵੀ ਹਸਾਉਣਾ ਹੁੰਦਾ ਹੈ। ਇਕ ਪਾਤਰ ਦੇ ਹੱਥ ਥਪੇੜਾ ਹੁੰਦਾ ਹੈ। ਦੂਸਰਾ ਜਦੋਂ ਹਾਸੇ ਦੀ ਗੱਲ ਕਰਦਾ ਹੈ ਤਾਂ ਉਹ ਥਪੇੜਾ ਉਸ ਦੇ ਮਾਰਦਾ ਹੈ। ਥਪੇੜਾ ਇਕ ਤੋਂ ਦੂਸਰੀ ਗੱਲ ਦਾ ਪ੍ਰਸੰਗ ਜੋੜਨ ਲਈ ਵੀ ਕੰਮ ਕਰਦਾ ਹੈ।

**ਸਾਂਗ ਅਤੇ ਝਾਕੀਆਂ**

ਸਾਂਗ ਅਤੇ ਝਾਕੀਆਂ ਨੂੰ ਲੋਕ-ਨਾਟ ਦੀ ਵੰਨਗੀ ਵਿਚ ਰੱਖਿਆ ਜਾ ਸਕਦਾ ਹੈ। ਇਹ ਝਾਕੀਆਂ ਅਤੇ ਸਾਂਗ ਦੁਸਹਿਰੇ ਨਾਲ ਜੁੜੇ ਹੁੰਦੇ ਹਨ। ਇਸ ਤੋਂ ਬਿਨਾਂ ਇਹ ਪਰੰਪਰਾ ਵਿਆਪਕ ਪੱਧਰ 'ਤੇ ਪੰਜਾਬੀ ਲੋਕਧਾਰਾ ਦਾ ਹਿੱਸਾ ਨਹੀਂ ਬਣ ਸਕੀ। ਪੰਜਾਬ ਦੇ ਪਿੰਡਾਂ ਵਿਚ ਜਦੋਂ ਕੁੜੀਆਂ 'ਗੁੱਡੀ ਫੂਕਣ' ਦੀ ਰੀਤ ਅਦਾ ਕਰਦੀਆਂ ਹਨ ਤਾਂ ਇਕ ਕੁੜੀ ਦਾ ਸਾਂਗ ਬਣਾਇਆ ਜਾਂਦਾ ਹੈ ਜਿਸ ਨੂੰ 'ਢੋਡਾ' ਕਿਹਾ ਜਾਂਦਾ ਹੈ। ਪਿੰਡਾਂ ਵਿਚ ਸਾਂਗ ਦੀ ਹੋਰ ਕੋਈ ਪ੍ਰਥਾ ਪ੍ਰਚੱਲਤ ਨਹੀਂ ਦਿਸਦੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬ ਦੇ ਲੋਕ-ਨਾਟ ਦੀ ਪਰੰਪਰਾ ਬਹੁਤੀ ਪ੍ਰਚੱਲਤ ਨਹੀਂ। ਕੁਝ ਕੁ ਪੁਰਾਤਨ ਪਰੰਪਰਾਵਾਂ ਚਲਦੀਆਂ ਆ ਰਹੀਆਂ ਹਨ, ਉਹ ਵੀ ਆਪਣੇ ਪਤਨ ਵਲ ਵੱਧ ਰਹੀਆਂ ਹਨ।

ਪਾਠ ਨੰ. 2.2 ਲੇਖਕ : ਡਾ. ਸਾਧੂ ਸਿੰਘ

## ਲੋਕ-ਵਿਸ਼ਵਾਸ
## ਮੁੱਖ ਲੱਛਣ, ਸਮਾਜਕ ਤੇ ਸਭਿਆਚਾਰਕ ਸਾਰਥਕਤਾ, ਮੁੱਖ ਵੰਨਗੀਆਂ

**ਪਾਠ ਦਾ ਮੰਤਵ**

ਇਸ ਪਾਠ ਦਾ ਮੰਤਵ ਲੋਕ-ਵਿਸ਼ਵਾਸਾਂ ਦੇ ਮੁੱਖ ਲੱਛਣਾਂ, ਵੰਨਗੀਆਂ ਅਤੇ ਸਭਿਆਚਾਰਕ ਸਾਰਥਕਤਾ 'ਤੇ ਵਿਚਾਰ ਕਰਨਾ ਹੈ। ਲੋਕ-ਵਿਸ਼ਵਾਸਾਂ ਦੀਆਂ ਜੜ੍ਹਾਂ ਸਮਾਜਕ ਅਤੇ ਸਭਿਆਚਾਰਕ ਧਰਾਤਲ ਵਿਚ ਹੁੰਦੀਆਂ ਹਨ। ਇਸ ਲਈ ਲੋਕ-ਵਿਸ਼ਵਾਸਾਂ ਦੀ ਸਭਿਆਚਾਰਕ ਧਰਾਤਲ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਵੀ ਇਸ ਪਾਠ ਦੇ ਮੰਤਵ ਵਿਚ ਸ਼ਾਮਲ ਹੈ। ਇਹ ਵਿਸ਼ਵਾਸ ਕਈ ਸੋਮਿਆਂ ਤੇ ਧਾਰਾਵਾਂ ਤੋਂ ਆਏ ਹਨ, ਇਹਨਾਂ ਮੂਲ ਸੋਮਿਆਂ ਬਾਰੇ ਵੀ ਸੰਖੇਪ ਜਾਣਕਾਰੀ ਪ੍ਰਦਾਨ ਕਰਨਾ ਇਸ ਪਾਠ ਦਾ ਮੰਤਵ ਹੈ।

**ਪਾਠ ਦੀ ਰੂਪ ਰੇਖਾ**

ਪਾਠ ਦੇ ਸ਼ੁਰੂ ਵਿਚ ਹੀ ਲੋਕ-ਵਿਸ਼ਵਾਸਾਂ ਦੇ ਮੁੱਖ ਲੱਛਣਾਂ ਦਾ ਉਲੇਖ ਕੀਤਾ ਗਿਆ ਹੈ ਅਤੇ ਲੋਕ-ਵਿਸ਼ਵਾਸਾਂ ਦੇ ਸੰਭਾਵਤ ਕਾਰਨਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਸ ਤੋਂ ਬਾਅਦ ਪੰਜਾਬ ਵਿਚ ਪ੍ਰਚੱਲਤ ਲੋਕ-ਵਿਸ਼ਵਾਸਾਂ ਦੀਆਂ ਮੁੱਖ ਵੰਨਗੀਆਂ ਦਾ ਉਲੇਖ ਕੀਤਾ ਗਿਆ ਹੈ। ਪੀਰਾਂ, ਦੇਵੀਆਂ, ਦਿਨਾਂ ਤੇ ਵਾਰਾਂ, ਗ੍ਰਹਿ ਤੇ ਨਛੱਤਰਾਂ ਨਾਲ ਸੰਬੰਧਤ ਲੋਕ-ਵਿਸ਼ਵਾਸਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਅੰਤ ਵਿਚ ਲੋਕ-ਵਿਸ਼ਵਾਸਾਂ ਦੀ ਸਮਾਜਕ ਅਤੇ ਸਭਿਆਚਾਰਕ ਸਾਰਥਕਤਾ 'ਤੇ ਵਿਚਾਰ ਕੀਤਾ ਗਿਆ ਹੈ।

**ਮੁੱਖ ਲੱਛਣ**

ਮੁੱਢ-ਕਦੀਮ ਤੋਂ ਹੀ ਮਨੁੱਖ ਆਪਣੀ ਜ਼ਿੰਦਗੀ ਤੇ ਜ਼ਿੰਦਗੀ ਨਾਲ ਸੰਬੰਧਤ ਮਸਲਿਆਂ ਅਤੇ ਆਲੇ ਦੁਆਲੇ ਪਸਰੇ ਅਸੀਮ ਬ੍ਰਹਿਮੰਡ ਦੇ ਭੇਤਾਂ ਨੂੰ ਸਮਝਣ ਲਈ ਯਤਨਸ਼ੀਲ ਰਿਹਾ ਹੈ। ਇਸ ਸਿਲਸਿਲੇ ਵਿਚ ਮਨੁੱਖ ਦੀ ਸੋਝੀ ਸੀਮਤ ਰਹੀ ਹੈ ਤੇ ਉਸ ਦੇ ਇਰਦ-ਗਿਰਦ ਪਸਰੇ ਪ੍ਰਕਿਰਤੀ ਦੇ ਪਾਸਾਰਾਂ ਦਾ ਕੋਈ ਹੱਦ ਬੰਨਾਂ ਨਹੀਂ। ਮਨੁੱਖੀ ਸਭਿਅਤਾ ਦੇ ਆਦਿ ਕਾਲ ਵਿਚ ਗਿਆਨ-ਵਿਗਿਆਨ ਦੇ ਪਿੜ ਵਿਚ ਹੋਈ ਮੌਜੂਦਾ ਪ੍ਰਗਤੀ ਤੋਂ ਪਹਿਲਾਂ, ਉਸਦੇ ਗਿਆਨ ਪ੍ਰਾਪਤ ਕਰਨ ਦੇ ਵਸੀਲੇ ਤੇ ਸੰਦ ਤਾਂ ਮੂਲੋਂ ਹੀ ਅਨਘੜ ਕਿਸਮ ਦੇ ਹਨ। ਸਿੱਟੇ ਵਜੋਂ ਬਹੁਤੇ ਵਿਸ਼ਵਾਸ ਨਿਰੇ ਅਨੁਮਾਨਾਂ 'ਤੇ ਹੀ ਆਧਾਰਤ ਹੁੰਦੇ ਸਨ।

ਵਿਸ਼ਵਾਸ, ਪਰੰਪਰਾਗਤ ਤੌਰ 'ਤੇ ਪ੍ਰਵਾਨ ਕਰ ਲਈ ਗਈ ਧਾਰਨਾ ਹੈ। ਇਸ ਵਿਚ ਅਜਿਹੇ ਅਦਭੁਤ (ਪਰਾਸਰੀਰਕ) ਵਿਸ਼ਵਾਸ ਆ ਜਾਂਦੇ ਹਨ ਜਿਨ੍ਹਾਂ ਨੂੰ ਲੋਕਾਂ ਨਾਲ ਸੰਬੰਧਤ ਕਰਨ ਅਤੇ ਪ੍ਰਭਾਵ ਦੀ ਭਾਵਾਤਮਕ ਸਾਂਝ ਦੇ ਨਤੀਜੇ ਵਜੋਂ ਉਸਾਰਨ ਵਿਚ, ਅਣਗਿਣਤ ਪੀੜ੍ਹੀਆਂ ਬੀਤ ਚੁੱਕੀਆਂ ਹੁੰਦੀਆਂ ਹਨ। ਇਸ ਪ੍ਰਕਾਰ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਵਿਸ਼ਵਾਸ, ਸ਼ਬਦ ਵਿਚ ਸਾਰੀਆਂ ਭਾਵਾਤਮਕ ਜਾਂ ਤਰਕ ਰਹਿਤ ਭਾਵਨਾਵਾਂ ਸੰਮਿਲਤ ਹਨ। ਇਸ ਵਿਚ ਪੁਰਾਣ, ਸ਼ਾਸਤ੍ਰ ਤੇ ਜੋਤਿਸ਼ ਵਿੱਦਿਆ ਵਰਗੀਆਂ ਚੀਜ਼ਾਂ ਵੀ ਆ ਜਾਂਦੀਆਂ ਹਨ। ਬਹੁਤੇ ਲੋਕਾਂ ਲਈ ਇਹ ਅੰਧ-ਵਿਸ਼ਵਾਸ ਹਨ। ਵਿਸ਼ਵਾਸਾਂ ਦੀ ਉਤਪਤੀ ਵਿਚ ਸਾਡੇ ਜੀਵਨ ਤਜ਼ਰਬਿਆਂ ਦਾ ਬਹੁਤ ਵੱਡਾ ਹੱਥ ਹੈ ਅਤੇ ਇਹ ਵਿਸ਼ਵਾਸ ਸਾਡੇ ਤਜ਼ਰਬਿਆਂ ਦੀ ਪ੍ਰਕਿਰਤੀ ਬਾਰੇ ਵੀ ਨਿਰਣਾ ਕਰਦੇ ਹਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਲੋਕ-ਵਿਸ਼ਵਾਸ ਇਕ ਤਰ੍ਹਾਂ ਨਾਲ ਭਰਮ ਤੇ ਭਰਵਾਸੇ ਦੀ ਮਿੱਸ ਹੁੰਦੇ ਹਨ। ਇਨ੍ਹਾਂ ਵਿਚਕਾਰ ਫਰਕ ਦੀ ਰੇਖਾ ਅਤਿਅੰਤ ਮਹੀਨ ਤੇ ਧੁੰਦਲੀ ਜਿਹੀ ਹੀ ਹੁੰਦੀ ਹੈ। ਬਹੁਤੀਆਂ ਸੂਰਤਾਂ ਵਿਚ ਤਾਂ ਇਹ ਇਕ ਦੂਜੇ ਦਾ ਸਿੱਧ-ਪੁੱਠ ਹੀ ਹੁੰਦੇ ਹਨ।

ਰੋਟੀ-ਰੋਜ਼ੀ ਨਾਲ ਸੰਬੰਧਤ ਅਤੇ ਨਿੱਤ-ਪ੍ਰਤੀ ਕੰਮਾਂ ਕਾਰਾਂ ਨੂੰ ਨੇਪਰੇ ਚਾੜ੍ਹਨ ਲਈ ਮਨੁੱਖ ਦੀ ਪ੍ਰਕ੍ਰਿਤਕ ਸ਼ਕਤੀ ਨਾਲ ਸ਼ੁਰੂ ਤੋਂ ਹੀ ਕਸ਼ਮਕਸ਼ ਰਹੀ ਹੈ। ਮੀਂਹ, ਹਨੇਰੀ, ਬਰਫਬਾਰੀ, ਅੱਗ ਅਤੇ ਪਾਣੀ ਆਦਿ ਕੁਦਰਤੀ ਸ਼ਕਤੀਆਂ ਜਿੱਥੇ ਆਪਣੇ ਸਹਿਜ ਰੂਪ ਵਿਚ ਵੰਨ-ਸੁਵੰਨੀਆਂ ਮੇਹਰਾਂ ਹਨ, ਉਥੇ ਇਹੀ ਤਾਕਤਾਂ ਆਪਣੇ ਭਿਅੰਕਰ ਰੂਪ ਵਿਚ ਉਸ ਲਈ ਵਿਨਾਸ਼ਕਾਰੀ ਕਹਿਰ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਸ ਲਈ ਮਾਨਵ-ਮਾਤਰ ਦੇ ਬਹੁਤ ਸਾਰੇ ਵਿਸ਼ਵਾਸ ਇਨ੍ਹਾਂ

ਦੀ ਕਿਰਪਾ ਪ੍ਰਾਪਤ ਕਰਨ ਤੇ ਵਿਕਰਾਲ ਰੂਪ ਤੋਂ ਬਚਣ ਲਈ ਕੀਤੇ ਹੀਲੇ ਵਸੀਲਿਆਂ ਨਾਲ ਹੀ ਸੰਬੰਧਤ ਹਨ। ਇਨ੍ਹਾਂ ਹੀਲਿਆਂ ਵਸੀਲਿਆਂ ਦੀ ਬਾਹਰੀ ਨੋਈਅਤ ਭਾਵੇਂ ਕੋਈ ਵੀ ਹੋਵੇ, ਇਹ ਸਭੇ, ਮੂਲ ਰੂਪ ਵਿਚ ਪ੍ਰਕਿਰਤੀ ਦੇ ਵਰਤਾਰਿਆਂ ਬਾਰੇ ਮਨੁੱਖ ਦੇ ਅਗਿਆਨ ਤੇ ਉਨ੍ਹਾਂ ਦੀ ਪ੍ਰਚੰਡਤਾ ਦੇ ਸਨਮੁੱਖ ਉਸਦੇ ਭੈਅ ਦੀਆਂ ਪ੍ਰਵਿਰਤੀਆਂ ਨਾਲ ਹੀ ਅਟੁੱਟ ਤੌਰ 'ਤੇ ਜੁੜੇ ਹੋਏ ਹਨ। ਇਸ ਲਈ ਇਸ ਕਥਨ ਵਿਚਲੀ ਸੱਚਾਈ ਨਾਲ ਕੋਈ ਮਤਭੇਦ ਨਹੀਂ ਹੋ ਸਕਦਾ ਕਿ ''ਵਹਿਮ-ਭਰਮ ਦਾ ਮੂਲ ਭੈ ਹੈ।'' ਜਦੋਂ ਆਦਿਮ ਮਨੁੱਖ ਪ੍ਰਕਿਰਤੀ ਦੇ ਸੁਭਾਅ ਨੂੰ ਸਮਝਣੋਂ ਅਸਮਰੱਥ ਹੋਣ ਕਰਕੇ ਡਰਿਆ ਤੇ ਸਹਿਮਿਆ ਰਹਿੰਦਾ ਸੀ ਜਦੋਂ ਉਹ ਹਰ ਜੜ੍ਹ ਵਸਤੂ ਵਿਚ ਕਿਸੇ ਭਲੀ ਜਾਂ ਚੰਦਰੀ ਆਤਮਾ ਦੀ ਹੋਂਦ ਨੂੰ ਮੰਨਕੇ ਉਸਦੇ ਚੰਗੇ ਪ੍ਰਭਾਵ ਨੂੰ ਗ੍ਰਹਿਣ ਕਰਨ ਅਤੇ ਮਾੜੇ ਤੋਂ ਮੁਕਤ ਹੋਣ ਲਈ ਰੀਤਾਂ ਤੇ ਟੂਣੇ ਕਰਦਾ ਸੀ, ਜਦੋਂ ਮਨੁੱਖ ਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਹਰ ਘਟਨਾ ਕਿਸੇ ਪਰਾ-ਪ੍ਰਕਿਰਤਕ ਜਾਂ ਗੈਬੀ ਸ਼ਕਤੀ ਸਦਕਾ ਵਾਪਰਦੀ ਹੈ ਤੇ ਇਸਦੇ ਪ੍ਰਭਾਵ ਤੋਂ ਰੱਖਿਆ ਕੀਤੀ ਜਾ ਸਕਦੀ ਹੈ ਤਾਂ ਅਨੇਕਾਂ ਅਜਿਹੇ ਵਹਿਮਾਂ-ਭਰਮਾਂ ਨੇ ਜਨਮ ਲਿਆ ਜੋ ਸਮੇਂ ਦੇ ਗੇੜ ਨਾਲ ਮਨੁੱਖ ਦੀ ਸੋਚਣੀ ਦਾ ਹਿੱਸਾ ਬਣ ਗਏ।

ਸਾਡੇ ਜਨ-ਜੀਵਨ ਵਿਚ ਪ੍ਰਚੱਲਿਤ ਜਾਦੂ-ਟੂਣਿਆਂ, ਧਾਗਿਆਂ, ਦੇਵੀ-ਦੇਵਤਿਆਂ, ਨਰਕ-ਸੁਰਗ, ਤਵੀਤਾਂ, ਭੂਤਾਂ-ਪ੍ਰੇਤਾਂ, ਰੱਖਾਂ, ਪੁੱਛਾਂ, ਪੀਰਾਂ ਫਕੀਰਾਂ ਆਦਿ ਮੰਨਤਾਂ, ਟੋਟਕਿਆਂ, ਮੰਤਰਾਂ-ਤੰਤਰਾਂ, ਸ਼ਗਨਾਂ-ਅਪਸ਼ਗਨਾਂ, ਰਿਧੀਆਂ ਸਿਧੀਆਂ, ਪੁੰਨ-ਪਾਪਾਂ, ਅਸੀਸਾਂ-ਦੁਰਅਸੀਸਾਂ, ਚੰਗੇ-ਮੰਦੇ ਪੋਖਿਆਂ, ਸ਼ੁੱਭ-ਅਸ਼ੁੱਭ ਦਿਨਾਂ, ਲਗਨਾਂ, ਹੋਮ ਜੱਗਾਂ ਨਾਲ ਸੰਬੰਧਤ ਵਿਸ਼ਵਾਸਾਂ ਦਾ ਮੂਲ ਆਧਾਰ ਇਸੇ ਡਰ ਦੀ ਬਿਰਤੀ ਵਿਚੋਂ ਲੱਭਿਆ ਜਾ ਸਕਦਾ ਹੈ ਜਾਂ ਫਿਰ ਕੁਦਰਤ ਤੋਂ ਕਿਸੇ ਪ੍ਰਕਾਰ ਦੇ ਕਾਰਜ ਦੇ ਸਫਲ ਹੋਣ ਦੀ ਆਸ ਰੱਖਣਾ ਹੈ।

ਪੰਜਾਬ ਵਿਚ ਸਿੰਧ ਘਾਟੀ ਦੀ ਸਭਿਅਤਾ ਦੇ ਲੋਕਾਂ, ਆਰੀਆ ਜਾਤੀਆਂ, ਪਾਰਥੀਅਨ, ਸਿਥੀਅਨ, ਕੁਸ਼ਾਣ, ਹੂਨ, ਤੁਰਕ, ਮੰਗੋਲ, ਅਫਗਾਨ ਕਬੀਲਿਆਂ, ਟਕਾਂ, ਗੁੱਜਰ, ਰਾਜਪੂਤ, ਜੱਟ ਭਾਈਚਾਰਿਆਂ, ਸਾਹਸੀ, ਪੱਖੀਵਾਲ, ਬਾਵਰੀ, ਨਟ, ਬਾਜੀਗਰ, ਚੰਗੜਾਂ ਆਦਿ ਜਿਹੇ ਅਨੇਕ ਟੱਪਰਵਾਸ ਦੀ ਸੰਘਣੀ ਮਿੱਸ ਪਾਈ ਜਾਂਦੀ ਹੈ। ਇਸ ਲਈ ''ਪੰਜਾਬੀ ਸਭਿਆਚਾਰ'' ਵੀ ਕਈ ਸੰਸਕ੍ਰਿਤੀਆਂ ਦਾ ਮਿਸ਼ਰਣ ਹੈ। ਬਾਹਰੋਂ ਆਈ ਹਰ ਸੰਸਕ੍ਰਿਤੀ ਆਪਣੀਆਂ ਕੁਝ ਰੂੜ੍ਹੀਆਂ ਇਥੋਂ ਦੀ ਮੂਲ ਸੰਸਕ੍ਰਿਤੀ ਵਿਚ ਰਚਾਉਂਦੀ ਰਹੀ ਹੈ।

ਫਲਸਰੂਪ, ਅਸੀਂ ਵੇਖਦੇ ਹਾਂ ਕਿ ਇਥੋਂ ਦੇ ਪ੍ਰਚੱਲਿਤ ਲੋਕ-ਵਿਸ਼ਵਾਸਾਂ ਵਿਚ ਵੀ ਉਪਰੋਕਤ ਵੰਨ-ਸੁਵੰਨੀਆਂ ਸਭਿਆਚਾਰਕ ਮਾਨਤਾਵਾਂ ਦਾ ਮਿਸ਼ਰਣ ਪਾਇਆ ਜਾਂਦਾ ਹੈ।

**ਮੁੱਖ ਵੰਨਗੀਆਂ**

ਪੰਜਾਬ ਵਿਚ ਹੋਰ ਸੂਬਿਆਂ ਵਾਂਗ, ਬ੍ਰਹਮਾ, ਵਿਸ਼ਨੂੰ, ਮਹੇਸ਼, ਇੰਦਰ, ਲੱਛਮੀ, ਪਾਰਬਤੀ ਤੇ ਸਰਸਵਤੀ ਆਦਿ ਦੇਵੀ ਦੇਵਤਿਆਂ ਦੀ ਪੂਜਾ ਨਾਲ ਸੰਬੰਧਤ ਵਿਸ਼ਵਾਸ ਵੀ ਪ੍ਰਚੱਲਿਤ ਹਨ। ਪਰ ਇਥੇ ਅਸੀਂ ਕੁਝ ਉਨ੍ਹਾਂ ਸਥਾਨਕ ਦੇਵੀ ਦੇਵਤਿਆਂ ਦੇ ਜ਼ਿਕਰ ਤੀਕ ਹੀ ਸੀਮਿਤ ਰਹਾਂਗੇ ਜਿਨ੍ਹਾਂ ਨੂੰ ਰੀਝਾਉਣ ਲਈ ਪੰਜਾਬੀ ਵਸੋਂ ਦੇ ਬਹੁਤ ਸਾਰੇ ਤਬਕਿਆਂ ਵਲੋਂ ਕਈ ਕਿਸਮ ਦੇ ਉਪਰਾਲੇ ਕੀਤੇ ਜਾਂਦੇ ਹਨ। ਇਨ੍ਹਾਂ ਦੇਵੀ-ਦੇਵਤਿਆਂ ਦੀਆਂ ਮੜ੍ਹੀਆਂ ਤੇ ਮਜ਼ਾਰ ਆਮ ਪਿੰਡਾਂ ਵਿਚ ਪਾਏ ਜਾਂਦੇ ਹਨ। ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਇਹ ਦੇਵੀ ਦੇਵਤੇ ਨਗਰ ਖੇੜੇ ਦੀ ਸਮੁੱਚੀ ਵਸੋਂ ਦਾ ਕੁਦਰਤ ਦੇ ਕਹਿਰਾਂ ਤੇ ਵੱਖ ਵੱਖ ਬਲਾਵਾ ਦੀਆਂ ਕਰੋਪੀਆਂ ਤੋਂ ਬਚਾਓ ਕਰਦੇ ਹਨ। ਇਨ੍ਹਾਂ ਦੀ ਪੂਜਾ ਜਿਥੇ ਮੰਗਲ ਕਾਰਜਾਂ ਦੇ ਆਰੰਭ 'ਤੇ ਨੇਪਰੇ ਚਾੜ੍ਹਨ ਦੌਰਾਨ ਕੀਤੀ ਜਾਂਦੀ ਹੈ, ਉਥੇ ਭੀੜ ਪੈਣ ਵੇਲੇ ਵੀ ਇਨ੍ਹਾਂ ਦੀ ਓਟ ਤੱਕੀ ਜਾਂਦੀ ਹੈ। ਡਾ. ਸੋਹਿੰਦਰ ਸਿੰਘ ਬੇਦੀ ਅਨੁਸਾਰ ਪੰਜਾਬ ਦੇ ਪਿੰਡਾਂ ਵਿਚ ਮੁੱਖ ਤੌਰ 'ਤੇ ਹੇਠ ਲਿਖੇ ਦੇਵੀ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ :

1. **ਧਰਤੀ ਦੇਵੀ** : ਪੰਜਾਬ ਮੂਲ ਰੂਪ ਵਿਚ ਖੇਤੀ ਪ੍ਰਧਾਨ ਪ੍ਰਾਂਤ ਹੈ। ਇਥੋਂ ਦੀਆਂ ਬਹੁਤ ਸਾਰੀਆਂ ਬਖਸ਼ਿਸ਼ਾਂ ਧਰਤੀ ਵਿਚੋਂ ਹੀ ਪ੍ਰਾਪਤ ਹੁੰਦੀਆਂ ਹਨ। ਇਸ ਲਈ ਇਥੇ ਧਰਤੀ ਦੇਵੀ ਜਾਂ ਧਰਤੀ ਮਾਤਾ ਦੀ ਪੂਜਾ ਆਮ ਕੀਤੀ ਜਾਂਦੀ ਹੈ। ਫਸਲਾਂ ਦੀ ਬਿਜਾਈ ਤੇ ਵਾਢੀ, ਲਵੇਰਾ ਚੋਣ ਤੇ ਨਵੀਂ ਇਮਾਰਤ ਆਦਿ ਦੀ ਨੀਂਹ ਰੱਖਣ ਵੇਲੇ ਵੱਖ ਵੱਖ ਢੰਗ ਨਾਲ ਧਰਤੀ ਮਾਤਾ ਦੀ ਪੂਜਾ ਕੀਤੀ ਜਾਂਦੀ ਹੈ। ਲੋਕਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਜਿਹੜਾ ਜੀਵ ਧਰਤੀ ਮਾਤਾ ਦੀ ਗੋਦ ਵਿਚ ਪ੍ਰਾਣ ਤਿਆਗੇ, ਉਸਦਾ ਪ੍ਰੇਤ-ਆਤਮਾਵਾਂ ਤੋਂ ਬਚਾਓ ਹੋ ਜਾਂਦਾ ਹੈ। ਇਸ ਲਈ ਮਰਨ ਵੇਲੇ ਬੰਦੇ ਨੂੰ ਮੰਜੇ ਤੋਂ ਲਾਹ ਕੇ ਧਰਤੀ ਉਤੇ ਲਟਾਉਣ ਦਾ ਰਿਵਾਜ ਆਮ ਪਾਇਆ ਜਾਂਦਾ ਹੈ।

2. **ਖੇਤਰਪਾਲ** : ਧਰਤੀ ਦੇਵੀ ਨਾਲ ਮਿਲਦਾ-ਜੁਲਦਾ ਦੇਵਤਾ ਖੇਤਰਪਾਲ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਦੇਵਤਾ ਫਸਲਾਂ ਦੀ ਕਰੋਪੀ ਤੇ ਹਾਨੀਕਾਰਕ ਕੀੜਿਆਂ-ਮਕੌੜਿਆਂ ਤੋਂ ਰਾਖੀ ਕਰਦਾ ਹੈ।

3. **ਭੂਮੀਆਂ** : ਜਿਵੇਂ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੈ, ਭੂਮੀ ਨਾਲ ਹੀ ਸੰਬੰਧਤ ਇਕ ਹੋਰ ਦੇਵਤਾ ਹੈ। ਇਸ ਦਾ ਇਕ ਹੋਰ ਨਾਂ ਖੇੜਾ ਵੀ ਹੈ। ਨਵਾਂ ਪਿੰਡ ਬੰਨ੍ਹਣ, ਬਾਲ ਦੇ ਜਨਮ, ਵਿਆਹ ਆਦਿ ਵੇਲੇ ਇਸ ਦੇਵਤੇ ਦੀ ਪੂਜਾ ਕੀਤੀ ਜਾਂਦੀ ਹੈ।

4. **ਜਠੇਰਾ** : ਇਹ ਵੀ ਖੇੜੇ ਨਾਲ ਰਲਦਾ ਮਿਲਦਾ ਦੇਵਤਾ ਵੀ ਹੈ। ਜਠੇਰੇ ਦੀ ਪੂਜਾ ਇਕ ਤਰ੍ਹਾਂ ਨਾਲ ਪਿੱਤਰ-ਪੂਜਾ ਦਾ ਹੀ ਭੇਦ-ਮਾਤਰ ਹੈ। ਵਿਆਹ ਸ਼ਾਦੀ ਵੇਲੇ ਨਵੀਂ ਜੋੜੀ ਦੁਆਰਾ ਜਠੇਰਿਆਂ ਦੀ ਚੌਕ-ਪੂਰ ਕੇ ਪੂਜਾ ਕਰਵਾਉਣ ਦਾ ਆਮ ਰਿਵਾਜ ਪਾਇਆ ਜਾਂਦਾ ਹੈ।

5. **ਖੁਆਜਾ** : ਖੁਆਜੇ ਦਾ ਦੂਜਾ ਨਾਂ ਦਰਿਆ-ਪੀਰ ਜਾਂ ਖਿਜ਼ਰ-ਪੀਰ ਵੀ ਹੈ। ਇਹ ਪਾਣੀ ਦਾ ਦੇਵਤਾ ਹੈ, ਜਿਸਦੀ ਹਿੰਦੂ ਤੇ ਮੁਸਲਮਾਨ ਇਕੋ ਜਿਹੀ ਸ਼ਰਧਾ ਨਾਲ ਪੂਜਾ ਕਰਦੇ ਹਨ। ਹੜ੍ਹਾਂ ਦੇ ਕਹਿਰ ਤੋਂ ਬਚਣ ਲਈ, ਮੀਂਹ ਵਰ੍ਹਾਉਣ ਲਈ ਇਸਦੀ ਅਰਾਧਨਾ ਕੀਤੀ ਜਾਂਦੀ ਹੈ। ਨਵਾਂ ਖੂਹ ਪੁੱਟਣ ਤੇ ਫੇਹਣ ਵੇਲੇ ਖੁਆਜਾ ਖਿਜ਼ਰ ਦਾ ਦਲੀਆ ਜਾਂ ਰੋਟ ਵੰਡਿਆ ਜਾਂਦਾ ਹੈ।

6. **ਸੀਤਲਾ ਮਾਤਾ** : ਇਸ ਨੂੰ ਚੇਚਕ ਦਾ ਰੋਗ ਫੈਲਾਉਣ ਵਾਲੀ ਦੇਵੀ ਮੰਨਿਆ ਜਾਂਦਾ ਹੈ। ਪੇਂਡੂ ਲੋਕਾਂ ਅਨੁਸਾਰ ਬੱਚੇ ਨੂੰ ਮਾਤਾ, 'ਵੱਡੀ ਮਾਤਾ' ਜਾਂ ਫਫਰੋਲੇ ਵਾਲੀ ਮਾਤਾ ਨਿਕਲਣ ਸਮੇਂ ਡਾਕਟਰੀ ਇਲਾਜ ਵਰਜਿਤ ਸਮਝਿਆ ਜਾਂਦਾ ਹੈ। ਰੋਗ ਵਾਲੇ ਦਿਨੀਂ ਘਰ ਦੀ ਰਸੋਈ ਵਿਚ ਤੜਕੇ ਛਮਕੇ ਵਰਜਿਤ ਹੁੰਦੇ ਹਨ। ਮਾਸ ਤੇ ਮਦਿਰਾ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਰੋਗ ਤੋਂ ਬਚਣ ਲਈ ਮਾਤਾ ਦੇ ਨਮਿੱਤ ਡਾਲੀਆਂ ਕਰਾਈਆਂ ਜਾਂਦੀਆ ਹਨ ਤੇ ਇਸ ਦੀ ਕਰੋਪੀ ਮੁੱਕਣ ਸਮੇਂ ਕੰਜਕਾਂ ਬਿਠਾਈਆਂ ਜਾਂਦੀਆਂ ਹਨ।

ਬੱਚੇ ਨੂੰ ਮੰਦੀਆਂ ਰੂਹਾਂ ਤੋਂ ਬਚਾਉਣ ਲਈ ਉਸਦੇ ਜਨਮ ਤੋਂ ਛੇਵੇਂ ਦਿਨ ਖੱਟੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ ਤੇ ਨੌਰਾਤਿਆਂ ਦੇ ਦਿਨੀਂ ਕੁੜੀਆਂ ਦੇ ਕਲਿਆਣ ਲਈ ਉਨ੍ਹਾਂ ਤੋਂ ਗੌਰਜਾਂ ਦੇਵੀ ਦੀ ਪੂਜਾ ਵੀ ਕਰਵਾਈ ਜਾਂਦੀ ਹੈ।

7. **ਗੁੱਗਾ ਪੀਰ** : ਇਸ ਤੋਂ ਬਿਨਾਂ ਪਿੰਡਾਂ ਵਿਚ 'ਗੁੱਗੇ ਜ਼ਾਹਿਰ ਪੀਰ' ਦੀ ਵੀ ਪੂਜਾ ਕੀਤੀ ਜਾਂਦੀ ਹੈ। ਇਹ ਨਾਗ-ਪੂਜਾ ਦਾ ਹੀ ਇਕ ਰੂਪ-ਭੇਦ ਹੈ। ਨਾਗ-ਪੰਚਮੀ ਜਾਂ ਗੁੱਗਾ ਨੌਵੀਂ ਵਾਲੇ ਦਿਨ ਗੁੱਗੇ ਦੀ ਮੜ੍ਹੀ 'ਤੇ ਸੇਵੀਆਂ ਚੜ੍ਹਾ ਕੇ ਜਾਂ ਬਰਮੀਟਾਂ ਉੱਪਰ ਕੱਚੀ ਲੱਸੀ ਭੇਟ ਕਰਕੇ ਗੁੱਗੇ ਦੀ ਪੂਜਾ ਕੀਤੀ ਜਾਂਦੀ ਹੈ। ਇਨ੍ਹੀਂ ਦਿਨੀਂ ਡੌਰੂਆਂ ਵਾਲਿਆਂ ਦੀ ਚੜ੍ਹਤ ਹੁੰਦੀ ਹੈ। ਕੁਝ ਲੋਕ ਗੁੱਗੇ ਜ਼ਹਿਰ ਪੀਰ ਨੂੰ ਪ੍ਰਸੰਨ ਕਰਨ ਲਈ ਆਪਣੇ ਘਰੀਂ ਗੁੱਗਾ ਗਾਉਣ ਵਾਲਿਆਂ ਦੇ ਅਖਾੜਾ ਲਗਵਾਉਂਦੇ ਹਨ।

ਪੰਜਾਬ ਦੇ ਕੁਝ ਪਿੰਡਾਂ ਵਿਚ ਤਾਂ ਆਪੋ ਆਪਣੇ ਨਗਰ ਖੇੜਿਆਂ ਦਾ ਵੱਖੋ ਵੱਖਰਾ ਦੇਵਤਾ ਹੁੰਦਾ ਹੈ। ਕੋਈ ਉਸਨੂੰ 'ਲੱਖਾਂ ਦਾ ਦਾਤਾ' ਕਹਿੰਦਾ ਹੈ ਤੇ ਕੋਈ ਇਸ ਦੀ ਕਿਸੇ ਵੱਖਰੇ ਨਾਮ ਹੇਠ ਅਰਾਧਨਾ ਕਰਦਾ ਹੈ। ਗਿਆਨੀ ਗੁਰਦਿੱਤ ਸਿੰਘ ਦੇ ਸ਼ਬਦਾਂ ਵਿਚ, ''ਮੇਰੇ ਪਿੰਡ ਦੇ ਲੋਕਾਂ ਦੇ ਕਈ ਛੋਟੇ ਵੱਡੇ ਇਸ਼ਟ ਹਨ ..... ਹਰ ਗੋਤ ਦੇ ਘਰਾਂ ਦੇ ਆਪੋ ਆਪਣੇ ਵੱਡੇ-ਵਡੇਰਿਆਂ ਦੀਆਂ ਵੱਖੋ-ਵੱਖਰੀਆਂ ਸਮਾਧਾਂ ਤੇ ਮੱਟੀਆਂ ਹਨ। ਹਰ ਗਲੀ ਸਾਹਮਣੇ ਲੱਗਾ ਖੂਹ, ਖਵਾਜਾ ਪੀਰ ਤੇ ਹਰ ਮਹੱਲੇ ਖੜ੍ਹਾ ਪਿੱਪਲ, ਬ੍ਰਹਮਾ ਦਾ ਅਵਤਾਰ ਤੇ ਹਰ ਘਰ ਵਿਚ ਗੁਓ ਇਕ ਤਰ੍ਹਾਂ ਦਾ 'ਜੇਬੀ' ਇਸ਼ਟ ਹੈ। ਗੱਲ ਕੀ, ਖੂਹ, ਪਿੱਪਲ, ਗਊਆਂ, ਟੋਏ, ਟਿੱਬੇ, ਛੱਪੜੀਆਂ ਸਭ ਚੀਜਾਂ ਪੂਜਨੀਕ ਹਨ ........ (ਮੇਰਾ ਪਿੰਡ, ਪੰਨਾ, 69)।

**8. ਗ੍ਰਹਿ ਤੇ ਨਛੱਤਰ**

ਦੇਵੀ ਦੇਵਤਿਆਂ ਤੋਂ ਹੱਟ ਕੇ ਸਾਡੇ ਬਹੁਤ ਸਾਰੇ ਇਨ੍ਹਾਂ ਵਿਸ਼ਵਾਸਾਂ ਪਿੱਛੇ ਇਹ ਧਾਰਨਾ ਕੰਮ ਕਰਦੀ ਹੈ ਕਿ ਜਨਮ ਆਦਿ ਵੇਲੇ ਨਛੱਤਰਾਂ ਦੀ ਵਿਸ਼ੇਸ਼ ਸਥਿਤੀ ਮਨੁੱਖੀ ਹੋਣੀ ਨੂੰ ਚੰਗੀ ਜਾਂ ਮੰਦੀ ਦਿਸ਼ਾ ਵਿਚ ਪ੍ਰਭਾਵਿਤ ਕਰਦੀ ਹੈ। ਗ੍ਰਹਿਆਂ ਵਿਚੋਂ ਮੰਗਲ ਤੇ ਸ਼ਨੀ ਨੂੰ ਸਖਤ ਸੁਭਾਅ ਵਾਲੇ ਮੰਨਿਆ ਜਾਂਦਾ ਹੈ। ਮੰਗਲ ਦੇ ਪ੍ਰਭਾਵ ਹੇਠ ਜਨਮੇ ਬਾਲਕ ਨੂੰ ਮੰਗਲੀਕ ਕਿਹਾ ਜਾਂਦਾ ਹੈ। ਲੋਕਾਂ ਵਿਚ ਵਿਸ਼ਵਾਸ ਆਮ ਪਾਇਆ ਜਾਂਦਾ ਹੈ ਕਿ ਮੰਗਲੀਕ ਬੱਚੇ ਦੀ ਸ਼ਾਦੀ ਮੰਗਲੀਕ ਨਾਲ ਹੋਣੀ ਚਾਹੀਦੀ ਹੈ। ਜੇ ਦੋਹਾਂ ਧਿਰਾਂ ਵਿਚੋਂ ਕੋਈ ਇਕ ਮੰਗਲੀਕ ਨਾ ਹੋਵੇ ਤਾਂ ਇਸਨੂੰ ਦੂਸਰੀ ਧਿਰ ਲਈ ਬਹੁਤ ਅਮੰਗਲਾ ਹੀ ਮੰਨਿਆ ਜਾਂਦਾ ਹੈ। ਸ਼ਨਿਚਰਵਾਰ ਵਾਲੇ ਦਿਨ ਸ਼ਨੀ ਦੇਵਤਾ ਦੀ ਕਰੋਪੀ ਨੂੰ ਟਾਲਣ ਲਈ ਸਰ੍ਹੋਂ ਦਾ ਤੇਲ ਤੇ ਤਾਂਬੇ ਜਾਂ ਹੋਰ ਸਿੱਕੇ ਦਾਨ ਕਰਨ ਦਾ ਰਿਵਾਜ ਆਮ ਹੈ। ਇਸਦੇ ਵਿਪਰੀਤ ਬੁੱਧ, ਬ੍ਰਹਿਸਪਤ ਤੇ ਸ਼ੁੱਕਰ ਦੇ ਪ੍ਰਭਾਵ ਅਧੀਨ ਜਨਮੇ

ਬੱਚਿਆਂ ਨੂੰ ਭਾਗਸ਼ਾਲੀ ਸਮਝਿਆ ਜਾਂਦਾ ਹੈ।

ਇਸੇ ਤਰ੍ਹਾਂ ਸੂਰਜ ਜਾਂ ਚੰਦ ਨਾਲ ਵੀ ਕਈ ਭਰਮ ਜੁੜੇ ਹੋਏ ਹਨ। ਏਕਮ ਦੇ ਚੰਦ ਨੂੰ ਸ਼ੁੱਭ ਮੰਨਿਆ ਜਾਂਦਾ ਹੈ। ਦੂਜ ਤੀਜ ਦੇ ਚੰਦਰਮਾ ਦੇ ਦਰਸ਼ਨਾਂ ਨੂੰ ਚੰਗੇ ਸਮਝਿਆ ਜਾਂਦਾ ਹੈ। ਦੂਜ ਦਾ ਚੰਦਰਮਾ ਵੇਖਣ ਦੇ ਫਲਸਰੂਪ ਇਹ ਸਮਝਿਆ ਜਾਂਦਾ ਹੈ ਕਿ ਨਵੀਂ ਵਿਆਹੁਤਾ ਕੁੜੀ ਦੇ ਘਰ ਚੰਨ ਵਰਗੇ ਸੁਹਣੇ ਪੁੱਤਰ ਦਾ ਜਨਮ ਹੁੰਦਾ ਹੈ। ਟੁੱਟਦਾ ਜਾਂ ਬੋਦੀ ਵਾਲਾ ਤਾਰਾ ਵੇਖਣ ਨੂੰ ਵੀ ਅਸ਼ੁਭ ਮੰਨਿਆ ਜਾਂਦਾ ਹੈ। ਪਰੰਤੂ ਇਸ ਦੇ ਨਾਲ ਹੀ ਲੋਕਾਂ ਵਿਚ ਇਹ ਵਿਸ਼ਵਾਸ ਵੀ ਪ੍ਰਚੱਲਿਤ ਹੈ ਕਿ ਜੇ ਤਾਰਾ ਟੁੱਟਣ ਦੌਰਾਨ ਦੇਖਣ ਵਾਲਾ ਬੰਦਾ, ਮਨ ਵਿਚ ਕੋਈ ਇੱਛਿਆ ਧਾਰ ਕੇ ਗੰਢ ਮਾਰਨ ਵਿਚ ਸਫਲ ਹੋ ਜਾਵੇ ਤਾਂ ਉਸ ਦੀਆਂ ਸਭ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਇਸ ਤਰ੍ਹਾਂ ਸੂਰਜ ਤੇ ਚੰਦ-ਗ੍ਰਹਿਣ ਨੂੰ ਵੀ ਮਨੁੱਖਤਾ ਉੱਤੇ ਕਿਸੇ ਭਾਰੀ ਬਿਪਤਾ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਗ੍ਰਹਿਣ ਦੌਰਾਨ ਗਰਭਵਤੀ ਇਸਤਰੀ ਦੇ ਖਾਣ ਪੀਣ ਜਾਂ ਹੋਰ ਕਿਸੇ ਪ੍ਰਕਾਰ ਦੀ ਹਿੱਲ-ਜੁੱਲ ਨੂੰ ਜੰਮਣ ਵਾਲੇ ਬੱਚੇ ਦੀ ਸਿਹਤ ਲਈ ਹਾਨੀਕਾਰਕ ਸਮਝਿਆ ਜਾਂਦਾ ਹੈ। ਇਸ ਨੁਕਸਾਨ ਤੋਂ ਬਚਣ ਲਈ ਉਸ ਨੂੰ ਕੱਪੜੇ ਖੋਲ੍ਹ ਕੇ ਪੈਰਾਂ ਵਿਚ ਅੱਟੀ ਪਾ ਕੇ ਬਿਸਤਰੇ ਵਿਚ ਅਡੋਲ ਪਏ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।

**9. ਦਿਨ ਤੇ ਵਾਰ**

ਦਿਨ-ਦਿਹਾਰਾਂ ਨਾਲ ਸੰਬੰਧਤ ਵਹਿਮਾਂ ਭਰਮਾਂ ਬਾਰੇ ਸਾਡੇ ਜਨ-ਜੀਵਨ ਵਿਚ ਹੇਠ ਲਿਖੀਆਂ ਅਖਾਉਤਾਂ ਪ੍ਰਚੱਲਿਤ ਹਨ :

1. ਮੰਗਲਵਾਰ ਨਾ ਜਾਈਏ ਪਹਾੜ
   ਜਿੱਤੀ ਬਾਜ਼ੀ ਆਵੇਂ ਹਾਰ
2. ਐਤਵਾਰ ਨਾ ਲੰਘਣਾ ਪਾਰ,
   ਮਤੇ ਜਿੱਤਾਂ ਆਵੇ ਹਾਰ
3. ਬੁੱਧ, ਸ਼ਨਿੱਚਰ ਕੱਪੜਾ ਗਹਿਣਾ ਐਤਵਾਰ
   ਜੇ ਸੁਖ ਸੁੱਤਾ ਲੋੜੀਏ, ਮੰਜੀ ਉਣੀਂ ਸੋਮਵਾਰ
4. ਹੋਲੀ ਲੋਹੜੀ ਤੇ ਦੀਵਾਲੀ, ਮੰਗਲਵਾਰ ਹੋਇ
   ਚਰਖ ਚੜ੍ਹੇਗੀ ਪ੍ਰਿਥਵੀ, ਵਿਰਲਾ ਜੀਵੇ ਕੋਇ
5. ਜੇਠ ਵਿਧੀ ਦਸਵੀਂ ਜੇ ਸ਼ਨਿੱਚਰ ਹੋਇ
   ਪਾਣੀ ਹੋਇ ਨਾ ਧਰਨ ਪੁਰ, ਵਿਰਲਾ ਜੀਵੇ ਕੋਇ।
6. ਬੁੱਧ ਕੰਮ ਸ਼ੁੱਧ।

ਇਸੇ ਤਰ੍ਹਾਂ ਵੀਰਵਾਰ ਵਾਲੇ ਦਿਨ ਵੀਰ-ਵਿਛੋੜੇ ਨੂੰ ਬੁਰਾ ਮੰਨਿਆ ਜਾਂਦਾ ਹੈ। ਕੱਤਕ ਦੇ ਮਹੀਨੇ ਜੰਮੇ ਬਾਲ ਨੂੰ ਨਹਿਸ਼ ਤੇ ਦਲਿੱਦਰੀ ਸਮਝਿਆ ਜਾਂਦਾ ਹੈ। ਕੁਝ ਮਹੀਨੇ ਅਜਿਹੇ ਹਨ ਜਿਨ੍ਹਾਂ ਵਿਚ ਖਾਸ ਪਸ਼ੂਆਂ ਦਾ ਸੂਣਾ ਚੰਗਾ ਨਹੀਂ ਸਮਝਿਆ ਜਾਦਾ। ਚੇਤਰ ਦੇ ਮਹੀਨੇ ਕੁੱਤੀ, ਵਿਸਾਖ ਵਿਚ ਊਠਣੀ, ਜੇਠ ਵਿਚ ਬਿੱਲੀ, ਸਾਵਣ ਦੇ ਮਹੀਨੇ ਘੋੜੀ ਤੇ ਖੋਤੀ, ਭਾਦਰੋਂ ਦੇ ਮਹੀਨੇ ਗਊ, ਮੱਘਰ ਦੇ ਮਹੀਨੇ ਮੱਝ ਤੇ ਪੋਹ ਦੇ ਮਹੀਨੇ ਬੱਕਰੀ ਸੂਈ ਚੰਗੀ ਨਹੀਂ ਸਮਝਦੀ ਜਾਂਦੀ ਹੈ।

**10. ਪਸ਼ੂ /ਪੰਛੀ**

ਪੰਜਾਬੀਆਂ ਵਿਚਕਾਰ ਬਹੁਤ ਸਾਰੇ ਵਹਿਮ-ਭਰਮ ਪਸ਼ੂਆਂ ਨਾਲ ਵੀ ਜੁੜੇ ਹੋਏ ਹੁੰਦੇ ਹਨ। ਉੱਲੂ ਨੂੰ ਉਜਾੜ ਦਾ ਚਿੰਨ੍ਹ ਸਮਝਿਆ ਜਾਂਦਾ ਹੈ ਤੇ ਗਿਰਝ ਨੂੰ ਮੌਤ ਦਾ। ਜੇ ਬਨੇਰੇ ਤੇ ਕਾਂ ਬੋਲੇ ਤਾਂ ਉਸਨੂੰ ਚੰਗੇ ਮਹਿਮਾਨ ਦਾ ਸ਼ਗਨ ਸਮਝਿਆ ਜਾਂਦਾ ਹੈ। ਜੇ ਬਾਹਰ ਜਾਣ ਲੱਗਿਆਂ ਬਿੱਲੀ ਰਾਹ ਕੱਟ ਜਾਵੇ ਤਾਂ ਸਫਰ ਲਈ ਮੰਦੀ ਗੱਲ ਸਮਝੀ ਜਾਂਦੀ ਹੈ। ਇਸ ਦੇ ਉਲਟ ਕਾਲਾ ਕੁੱਤਾ ਵਗਲ ਕੇ ਜਾਣ ਨਾਲ ਸਾਰੇ ਕੰਮ ਫੌਰਨ ਹੋਣ ਦੀ ਸੰਭਾਵਨਾ ਸਮਝੀ ਜਾਂਦੀ ਹੈ। ਰਾਤ ਨੂੰ ਕੁੱਤੇ ਰੋਣਾ ਤਾਂ ਨਗਰ 'ਤੇ ਕੋਈ ਸਾੜ੍ਹ-ਸਤੀ ਆਉਣ ਦਾ ਸੂਚਕ ਸਮਝਿਆ ਜਾਂਦਾ ਹੈ।

ਸੱਪ ਦੇ ਭੈਅ ਕਾਰਨ ਹੀ ਨਉਂ ਲੈਣਾ ਚੰਗਾ ਨਹੀਂ ਸਮਝਿਆ ਜਾਂਦਾ, ਉਸ ਨੂੰ ਸਤਿਕਾਰ ਵਜੋਂ 'ਬਾਬਾ' ਕਿਹਾ ਜਾਂਦਾ ਹੈ। ਕਈ ਲੋਕ ਸਫਰ 'ਤੇ ਜਾਣ ਵੇਲੇ ਘੋੜੇ ਨੂੰ ਨਮਸਕਾਰ ਕਰ ਕੇ ਜਾਂਦੇ ਹਨ, ਜਨੌਰਾਂ ਨਾਲ ਸੰਬੰਧਤ ਵਿਸ਼ਵਾਸ ਬਾਰੇ ਕੁਝ ਅਖਾਉਤਾਂ ਮਸ਼ਹੂਰ ਹਨ :

1. ਉੱਲੂ ਮੰਗੇ ਉਜਾੜ।
2. ਰਾਤੀ ਬੋਲੇ ਗਿੱਦੜੀ ਤੇ ਦਿਨੇ ਬੋਲੇ ਸ਼੍ਰਿਗਾਲ
   ਇਕੇ ਬਦਲੇ ਸਾਹਿਬੀ, ਤੇ ਇਕੇ ਪੈਂਦਾ ਕਾਲ।

**11. ਨਜ਼ਰ ਤੇ ਅੰਗ ਫਰਕਣਾ**

ਨਜ਼ਰ ਟਪਾਰ ਬਾਰੇ ਵੀ ਕਈ ਭਰਮ ਪ੍ਰਚੱਲਿਤ ਹਨ। ਲੋਕ ਇਹ ਸਮਝਦੇ ਹਨ ਕਿ, ''ਸੱਪ ਦਾ ਡੰਗਿਆਂ ਤਾਂ ਬਚ ਸਕਦਾ ਹੈ ਪਰ ਨਜ਼ਰ ਦਾ ਡੰਗਿਆ ਨਹੀਂ ਬਚ ਸਕਦਾ।'' ਕਹਿੰਦੇ ਹਨ ਕਿ ਮੰਦੀ ਨਜ਼ਰ ਨਾਲ ਤਾਂ ਪੱਥਰ ਵੀ ਪਾਟ ਜਾਂਦੇ ਹਨ। ਨਜ਼ਰ ਕੇਵਲ ਬੰਦਿਆਂ ਨੂੰ ਹੀ ਨਹੀਂ ਸਗੋਂ ਵਸਤੂਆਂ ਨੂੰ ਵੀ ਲੱਗ ਜਾਂਦੀ ਹੈ। ਬੱਚੇ ਨੂੰ ਮੰਦੀ ਨਜ਼ਰ ਤੋਂ ਬਚਾਉਣ ਲਈ ਉਹਦੇ ਮੱਥੇ 'ਤੇ ਕਾਲਾ ਟਿੱਕਾ ਲਗਾਇਆ ਜਾਂਦਾ ਹੈ। ਓਹਦੇ ਮੱਥੇ ਨਾਲ ਕੌੜੀਆਂ ਮਿਰਚਾਂ ਛੁਹਾ ਕੇ ਅੱਗ ਵਿਚ ਸੁੱਟੀਆਂ ਜਾਂਦੀਆ ਹਲ ਤੇ ਗਲ ਵਿਚ ਮਣਸਾਏ ਹੋਏ ਧਾਗੇ, ਤਵੀਤ ਤੇ ਨਜ਼ਰ-ਬੱਟੂ ਬੰਨ੍ਹੇ ਜਾਂਦੇ ਹਲ। ਖ਼ੂਬਸੂਰਤ ਮਕਾਨਾਂ ਉੱਪਰ ਕਾਲੀ ਤੌੜੀ ਟੰਗੀ ਜਾਂਦੀ ਹੈ ਤੇ 'ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ' ਲਿਖਕੇ ਟਰੱਕਾਂ ਦੇ ਪਿੱਛੇ ਛਿੱਤਰ ਟੰਗੇ ਜਾਂਦੇ ਹਨ।

ਸਰੀਰ ਦੇ ਕੁਝ ਅੰਗਾਂ ਦੇ ਫਰਕਣ ਨੂੰ ਵੀ ਚੰਗੇ ਮੰਦੇ ਸ਼ਗਨਾਂ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਆਦਮੀ ਦੀ ਸੱਜੀ ਅੱਖ ਫਰਕਣ ਨੂੰ ਚੰਗਾ ਤੇ ਖੱਬੀ ਫਰਕਣ ਨੂੰ ਮੰਦਾ ਮੰਨਿਆ ਜਾਂਦਾ ਹੈ। ਇਸ ਦੇ ਉਲਟ ਤੀਵੀਆਂ ਦੀ ਖੱਬੀ ਅੱਖ ਫਰਕਣ ਨੂੰ ਸ਼ੁਭ ਤੇ ਸੱਜੀ ਅੱਖ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਤੀਵੀਂ ਦੀ ਖੱਬੀ ਅਤੇ ਆਦਮੀ ਦੀ ਸੱਜੀ ਤਲੀ ਦੀ ਖਾਰਸ਼ ਨੂੰ ਧਨ ਆਉਣ ਅਤੇ ਇਸ ਦੇ ਵਿਪਰੀਤ ਸਥਿਤੀ ਨੂੰ ਨੁਕਸਾਨ ਦਾ ਸੂਚਕ ਸਮਝਿਆ ਜਾਂਦਾ ਹੈ। ਪੈਰਾਂ ਦੀ ਤਲੀ ਵਿਚਲੀ ਖਾਰਸ਼ ਤੇ ਜੁੱਤੀ ਪੁੱਠੀ ਪੈਣ 'ਤੇ ਕਿਸੇ ਨਵੇਂ ਸਫ਼ਰ ਦਾ ਸੰਕੇਤ ਸਮਝਿਆ ਜਾਂਦਾ ਹੈ। ਸਫਰ ਵੇਲੇ ਪਿੱਛਿਓਂ ਆਵਾਜ਼ ਮਾਰਨ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਰਾਹ ਜਾਂਦਿਆਂ ਘੜਾ ਲਈ ਜਾਂਦੀ ਝਿਊਰੀ ਮਿਲੇ ਤਾਂ ਚੰਗੀ ਬ੍ਰਾਹਮਣ ਮੱਥੇ ਲੱਗੇ ਤਾਂ ਮਾੜਾ ਗਿਣਿਆ ਜਾਂਦਾ ਹੈ।

**12. ਝਾੜੂ**

ਇਸੇ ਤਰ੍ਹਾਂ ਘਰ ਵਿਚ ਝਾੜੂ ਬੁਹਾਰੀ ਖੜ੍ਹੀ ਕਰਕੇ ਰੱਖਣ ਨਾਲ ਝਗੜਾ ਪੈਦਾ ਹੋਣ ਦੀ ਸੰਭਾਵਨਾ ਸਮਝੀ ਜਾਂਦੀ ਹੈ ਤੇ ਰਾਤ ਨੂੰ ਮੰਜਾ ਕੱਸਣ ਵਾਲੇ ਦੇ ਘਰ ਕੁੜੀਆਂ ਜੰਮਣ ਦੀ ਸੰਭਾਵਨਾ ਵੱਧ ਦੱਸੀ ਜਾਂਦੀ ਹੈ।

ਹੋਰ ਤਾਂ ਹੋਰ ਸਾਡੇ ਲੋਕਾਂ ਵਿਚਕਾਰ ਗਿਣਤੀ ਦੇ ਕੁਝ ਅੰਕਾਂ ਬਾਰੇ ਵੀ ਭਰਮ ਭੁਲੇਖੇ ਪਾਏ ਜਾਂਦੇ ਹਨ। ''ਪੌਂ ਬਾਰਾਂ, ਤਿੰਨ ਕਾਣੇ, ਨੌਂ ਨਿਧਾਂ ਬਾਰਾਂ ਸਿੱਧਾਂ, ਤੀਜਾ ਰਲਿਆ ਕੰਮ ਗਲ਼ਿਆ, ਪੰਜਾਂ ਵਿਚ ਪਰਮੇਸ਼ਵਰ'' ਆਦਿ ਉਕਤੀਆਂ ਇਨ੍ਹਾਂ ਅੰਕਾਂ ਨਾਲ ਸੰਬੰਧਤ ਚੰਗੇ ਮੰਦੇ ਵਿਸ਼ਵਾਸਾਂ ਦੀਆਂ ਹੀ ਸੂਚਕ ਹਨ। ਜਿਥੇ ਕੁਝ ਮੰਤਵਾਂ ਲਈ ਇਕ, ਪੰਜ, ਸੱਤ, ਗਿਆਰਾਂ, ਇੱਕੀ, ਇਕਵੰਜਾ ਤੇ ਇਕੱਤਰ ਸੌ ਦੋ ਅੰਕਾਂ ਨੂੰ ਸ਼ੁੱਭ ਮੰਨਿਆ ਜਾਂਦਾ ਹੈ, ਉਥੇ ਤਿੰਨ ਦੀ ਗਿਣਤੀ ਨੂੰ ਵਿਸ਼ੇਸ਼ ਤੌਰ 'ਤੇ ਨਹਿਸ਼ ਮੰਨਿਆ ਜਾਂਦਾ ਹੈ।

ਕੁਝ ਦਹਾਕੇ ਪਹਿਲਾਂ ਕਣਕ ਦਾ ਬੋਹਲ ਤੋਲਣ ਲੱਗੇ ਕਿਸਾਨ ਪਹਿਲੀ ਧੜੀ ਨੂੰ 'ਬਰਕਤੇ', ਦੂਜੀ ਨੂੰ 'ਦੇਵਿਆਂ' ਤੇ ਤੀਜੀ ਨੂੰ ਤਿੰਨ ਦੀ ਥਾਂ 'ਬਹੁਤੇ' ਆਖ ਕੇ ਤੀਜੇ ਅੰਕ ਨੂੰ ਉਂਜ ਹੀ ਉਲੰਘ ਜਾਣ ਨੂੰ ਬੇਹਤਰ ਸਮਝਿਆ ਕਰਦੇ ਸਨ।

**13. ਨਿੱਛ**

ਘਰੋਂ ਤੁਰਨ ਲੱਗਿਆਂ ਕੋਈ ਨਿੱਛ ਮਾਰ ਦੇਵੇ ਤਾਂ ਮਾੜਾ ਸ਼ਗਨ ਸਮਝਿਆ ਜਾਂਦਾ ਹੈ। ਮਗਰੋਂ ਹੋਰ ਨਿੱਛ ਆ ਜਾਣ ਨਾਲ ਮੰਦਾ ਅਸਰ ਖਤਮ ਹੋਇਆ ਮੰਨਿਆ ਜਾਂਦਾ ਹੈ। ਰਾਤ ਦੀ ਸਲਾਹ ਚੰਗੀ ਨਹੀ਼ ਸਮਝੀ ਜਾਂਦੀ। ਦਿਨੇ ਬਾਤ ਪਾਉਣ ਨਾਲ ਮਾਮੇ ਦੇ ਰਾਹ ਭੁੱਲਣ ਦਾ ਡਰ ਹੁੰਦਾ ਹੈ। 'ਬਾਬਾ ਫਰੀਦ' ਆਖਣ ਨਾਲ ਅਸਮਾਨੀ ਬਿਜਲੀ ਦੀ ਬਲਾ ਟਲ ਜਾਂਦੀ ਸਮਝੀ ਜਾਂਦੀ ਹੈ। ਗੱਲ ਕੀ ਪਿੰਡਾਂ ਵਿਚ ਸ਼ਾਇਦ ਹੀ ਕੋਈ ਥਾਂ ਜਾਂ ਕਿਰਿਆ ਕਲਾਪ ਅਜਿਹੇ ਹੋਣ ਜਿਸ ਨਾਲ ਕੋਈ ਨਾ ਕੋਈ ਵਹਿਮ-ਭਰਮ ਨਾ ਜੁੜਿਆ ਹੋਇਆ ਹੋਵੇ।

**14. ਜੰਤਰ-ਮੰਤਰ**

ਪੰਜਾਬੀਆਂ ਦਾ ਜੰਤਰ ਮੰਤਰ ਤੇ ਟੂਣਿਆਂ-ਟੱਪਿਆਂ ਵਿਚ ਆਮ ਵਿਸ਼ਵਾਸ ਹੈ। ਮੰਤਰ ਪੜ੍ਹਨ ਜਾਂ ਝਾੜਾ ਕਰਨ ਵਾਲੇ ਚੇਲੇ, ਮਾਂਦਰੀ, ਸਿਆਣੇ ਜਾਂ ਓਝਾ ਆਮ ਪਾਏ ਜਾਂਦੇ ਹਨ। ਲੋਕਾਂ ਦਾ ਭਰੋਸਾ ਹੈ ਕਿ ਅਜਿਹੇ ਝਾੜੇ ਝਪੜਿਆਂ ਨਾਲ ਤਈਆ ਤਾਪ, ਸੱਪ, ਨੂੰਹੇਂ ਦੇ ਡੰਗ ਤੇ ਦਾੜ੍ਹ-ਪੀੜ ਆਦਿ ਤੋਂ ਆਰਾਮ ਹੋ ਜਾਂਦਾ ਹੈ। ਛਾਹਿਟਾ ਜਾਂ ਛਲ ਪੈਣ ਜਾਂ ਕੁਝ

ਹੋਰ ਅਹਰਾਂ ਦਾ ਇਲਾਜ ਤਾਂ ਸਮਝਿਆ ਹੀ ਜੰਤਰ-ਮੰਤਰ ਦੇ ਟੋਟਕਿਆਂ ਵਿਚ ਜਾਂਦਾ ਹੈ। ਮੰਤਰੇ ਹੋਏ ਜਲ, ਰਾਖ ਤੇ ਧਾਗਿਆਂ-ਤਵੀਤਾਂ ਵਿਚ ਲੋਕਾਂ ਦਾ ਆਮ ਵਿਸ਼ਵਾਸ ਹੈ।

ਕੁਝ ਔਰਤਾਂ ਆਪਣੇ ਘਰ ਔਲਾਦ ਦੀ ਖਾਤਰ ਗਲੀਆਂ, ਚੌਰਾਹਿਆਂ ਵਿਚ ਟੂਣੇ-ਟਾਮਣ ਕਰਦੀਆਂ ਹਨ ਜੋ ਪਿੰਡਾਂ ਵਿਚ ਆਪਸੀ ਝਗੜਿਆਂ ਦਾ ਆਮ ਕਾਰਨ ਬਣਦੇ ਹਨ। ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ 'ਕਾਲੇ ਜਾਦੂ' ਨਾਲ ਦੁਸ਼ਮਣ ਨੂੰ ਹਾਨੀ ਪਹੁੰਚਾਈ ਜਾ ਸਕਦੀ ਹੈ।

ਲੋਕਾਂ ਦਾ ਭੂਤ-ਪ੍ਰੇਤਾਂ ਵਿਚ ਵੀ ਆਮ ਵਿਸ਼ਵਾਸ ਹੈ। ਇਨ੍ਹਾਂ ਦੀ ਮਾਰ ਤੋਂ ਬਚਣ ਲਈ 'ਗੰਡੇ ਤਵੀਤ' ਸਿਆਣਿਆਂ ਤੋਂ ਕਰਵਾਏ ਜਾਂਦੇ ਹਨ। ਪ੍ਰੇਤ-ਆਤਮਾਵਾਂ ਤੋਂ ਮੁਕਤ ਹੋਣ ਲਈ ਵੰਨ-ਸੁਵੰਨੀਆਂ ਵਸਤਾਂ ਦੇ ਦਾਨ ਦਿੱਤੇ ਜਾਦੇ ਹਨ। ਭੂਤ ਉਤਾਰਨ ਲਈ ਕਈ ਚੇਲੇ ਤਾਂ ਰੋਗੀ ਨੂੰ ਮਿਰਚਾਂ ਤੇ ਗੁੱਗਲ ਦੀਆਂ ਤਿੱਖੀਆਂ ਧੂਣੀਆਂ ਦਿੰਦੇ ਹਨ ਤੇ ਚਿਮਟਿਆਂ ਦੀ ਮਾਰ ਦੀ ਅਜਿਹੀ ਫੰਡ ਚਾੜ੍ਹਦੇ ਹਨ ਕਿ ਕਈਆਂ ਸੂਰਤਾਂ ਵਿਚ ਤਾਂ ਅਗਲਾ ਅਧਮੋਇਆ ਹੀ ਹੋ ਜਾਂਦਾ ਹੈ।

ਕੁਝ ਲੋਕਾਂ ਦਾ ਆਪਣੇ ਮਨੋਰਥਾਂ ਦੀ ਪੂਰਤੀ ਲਈ ਜਾਂ ਆਪਣੇ ਇਸ਼ਟ ਨੂੰ ਪ੍ਰਸੰਨ ਕਰਨ ਲਈ ਬਲੀ ਦੇਣ ਵਿਚ ਵਿਸ਼ਵਾਸ ਹੈ। ਆਮ ਤੌਰ 'ਤੇ ਕੁੱਕੜਾਂ ਜਾਂ ਬੱਕਰਿਆਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਹਨ ਪਰ ਕਈ ਸੂਰਤਾਂ ਵਿਚ ਨਰ-ਬਲੀ ਦੀਆਂ ਹਿਰਦੇ-ਵੇਧਕ ਖਬਰਾਂ ਵੀ ਸੁਣਨ ਵਿਚ ਆਉਂਦੀਆਂ ਹਨ।

ਸੁਪਨਿਆਂ ਨਾਲ ਵੀ ਚੰਗੇ ਮੰਦੇ ਵਿਸ਼ਵਾਸ ਜੁੜੇ ਹੋਏ ਹਨ। ਆਮ ਤੌਰ 'ਤੇ ਅੰਮ੍ਰਿਤ ਵੇਲੇ ਦੇ ਸੁਪਨੇ ਨੂੰ ਸੱਚ ਸਮਝਿਆ ਜਾਂਦਾ ਹੈ। ਸੁਪਨੇ ਵਿਚ ਵਿਆਹ ਦੇ ਦ੍ਰਿਸ਼ ਨੂੰ ਪਰਿਵਾਰ ਲਈ ਬਦਸ਼ਗਨੀ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਸੁਪਨੇ ਵਿਚ ਮੌਤ ਨੂੰ ਲੰਮੇਰੀ ਉਮਰ ਦੀ ਸੂਚਨਾ ਸਮਝਿਆ ਜਾਂਦਾ ਹੈ।

ਲੋਕਾਂ ਦਾ ਚੰਗੇ ਮੰਦੇ ਪਉਖਿਆਂ ਵਿਚ ਵੀ ਯਕੀਨ ਹੈ। ਜਿਥੇ ਚੰਗੇ ਪਉਖੇ ਵਾਲੇ ਬੰਦੇ ਦੀ ਹਾਜ਼ਰੀ ਵਿਚ ਸ਼ੁਰੂ ਕੀਤਾ ਕੰਮ ਤੁਰੰਤ ਤੇ ਨਿਰਵਿਘਨ ਸਮਾਪਤ ਹੋ ਜਾਂਦਾ ਹੈ, ਉਥੇ ਮੰਦੇ ਪਉਖੇ ਵਿਚ ਸ਼ੁਰੂ ਕੀਤਾ ਕੰਮ ਘੜੰਮ ਬਣ ਜਾਣ ਦਾ ਡਰ ਹੁੰਦਾ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਜਨ-ਜੀਵਨ ਵਿਚ ਸ਼ਾਇਦ ਹੀ ਕੋਈ ਅਜਿਹੀ ਵਸਤੂ ਜਾਂ ਵਰਤਾਰਾ ਹੋਵੇ ਜਿਸ ਨਾਲ ਕੋਈ ਚੰਗਾ ਜਾਂ ਮੰਦਾ ਵਿਸ਼ਵਾਸ ਨਾਲ ਜੁੜਿਆ ਹੋਇਆ ਹੋਵੇ। ਇਹ ਵਿਸ਼ਵਾਸ ਨਿੰਮਣ-ਜੰਮਣ ਦੀ ਘੜੀ ਤੋਂ ਹੀ ਸ਼ੁਰੂ ਹੋ ਜਾਂਦੇ ਹਨ ਤੇ ਕੇਵਲ ਉਸ ਦੇ ਅੰਤਿਮ ਸੁਆਸ ਪੂਰੇ ਹੋਣ ਤੱਕ ਹੀ ਨਹੀਂ ਸਗੋਂ ਅਗਲਾ ਜਨਮ ਸੁਧਾਰਨ ਦੀ ਮਨਸ਼ਾ ਨਾਲ ਪਰਲੋਕ ਸਿਧਾਰਨ ਤੱਕ ਵੀ ਜਾਰੀ ਰਹਿੰਦੇ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਵਿਸ਼ਵਾਸਾਂ ਦਾ ਜ਼ਿਕਰ ਰੀਤੀ-ਰਿਵਾਜ਼ ਸਿਰਲੇਖ ਹੇਠ ਅਗਲੇ ਪਾਠ ਵਿਚ ਕੀਤਾ ਜਾਵੇਗਾ।

**ਸਮਾਜਕ ਤੇ ਸਭਿਆਚਾਰਕ ਮਹੱਤਵ** : ਲੋਕ-ਵਿਸ਼ਵਾਸ ਸਮਾਜ ਵਿਚ ਸਾਰਥਕ ਭੂਮਿਕਾ ਨਿਭਾਉਂਦੇ ਹਨ। ਕਈ ਵਿਸ਼ਵਾਸ ਤਾਂ ਮਨੁੱਖੀ ਕਿਰਿਆਵਾਂ ਦਾ ਸੁਭਾਵਿਕ ਪ੍ਰਤੀਵਾਦ ਹੁੰਦੇ ਹਨ। ਅਜਿਹੇ ਵਿਸ਼ਵਾਸ ਮਨੁੱਖੀ ਭਾਵਨਾਵਾਂ ਦੇ ਤੇਜ਼ ਜ਼ਜ਼ਬਿਆਂ ਦਾ ਸੰਚਾਰ ਕਰਦੇ ਹਨ। ਇਹ ਸੰਚਾਰ ਮਨੁੱਖੀ ਮਨ ਦੀ ਸੋਗੀ ਤੇ ਬੋਝਲ ਅਵਸਥਾ ਤੋਂ ਰਾਹਤ ਦਿਵਾਉਂਦਾ ਹੈ। ਵਿਧਵਾਵਾਂ ਦਾ ਚਿੱਟੇ ਕੱਪੜੇ ਪਹਿਨਣਾ, ਸੁਪਨਿਆਂ ਦੇ ਫਲ ਦਾ ਨਿਸ਼ਚਾ ਕਰਨਾ, ਇਸ ਪ੍ਰਤੀਵਾਦ ਸੰਚਾਰ ਸਦਕਾ ਹੀ ਹੈ। ਕਈ ਵਿਸ਼ਵਾਸ ਮਨੁੱਖੀ ਮਨ ਦੀ ਦੁਬਿਧਾ ਕਾਰਨ ਹੋਂਦ ਵਿਚ ਆਉਦੇ ਹਨ। ਇਹ ਵਿਸ਼ਵਾਸ, ਇਸ ਦੁਬਿਧਾ ਨੂੰ ਦੂਰ ਕਰਨ ਦਾ ਪ੍ਰਕਾਰਜ ਕਰਦੇ ਹਨ। ਜਿਸ ਤਰ੍ਹਾਂ ਨਿੱਛ ਮਾਰਨ 'ਤੇ ਰੁਕ ਜਾਣਾ, ਬਿੱਲੀ ਦਾ ਰਾਹ ਕੱਟ ਜਾਣਾ ਆਦਿ। ਕਈ ਵਿਸ਼ਵਾਸ ਮਨੁੱਖ ਦੀ ਜੀਵਨ ਵਿਚ ਆਸਥਾ ਤੇ ਨਿਸ਼ਚਾ ਵਧਾਉਂਦੇ ਹਨ। ਜੀਵਨ ਦੀਆਂ ਕਠੋਰ ਪ੍ਰਸਥਿਤੀਆਂ ਨੂੰ ਆਸਾਨ ਕਰਨ ਦੀਆਂ ਵਿਧੀਆਂ ਵਾਲੇ ਵਿਸ਼ਵਾਸ ਇਸ ਵੰਨਗੀ ਵਿਚ ਆਉਂਦੇ ਹਨ। ਕਈ ਵਿਸ਼ਵਾਸ ਜੀਵਨ ਦੇ ਕਾਰਜਾਂ ਦਾ ਸੰਚਾਲਨ ਕਰਦੇ ਹਲ ਜਿਵੇਂ ਜੋਤਸ਼, ਦਿਨਾਂ ਵਾਰਾਂ ਵਿਚ ਵਿਸ਼ਵਾਸ, ਲੋਕ-ਵਿਸ਼ਵਾਸ, ਸਮਾਜਕ ਰਹੁ-ਰੀਤਾਂ ਦਾ ਸੰਚਾਲਨ ਕਰਦੇ ਹਨ। ਇਹ ਲੋਕ-ਪਰੰਪਰਾ ਨੂੰ ਪੀੜ੍ਹੀਓਂ ਪੀੜ੍ਹੀ ਅੱਗੇ ਤੋਰਦੇ ਹਨ। ਲੋਕ-ਵਿਸ਼ਵਾਸ ਮਨੁੱਖੀ ਜੀਵਨ ਨੂੰ ਸਥਿਰਤਾ ਪ੍ਰਦਾਨ ਕਰਦੇ ਹਨ। ਹਰ ਵਿਸ਼ਵਾਸ ਪਿੱਛੇ ਕਿਸੇ ਧਾਰਨਾ ਤੋਂ ਲੈ ਕੇ ਕੋਈ ਨਾ ਕੋਈ ਹੇਤੂ ਕਾਰਨ ਹੁੰਦਾ ਹੈ, ਜੋ ਮਨੁੱਖ ਲਈ ਜਾਂ ਸਮਾਜ ਲਈ ਕੋਈ ਨਾ ਕੋਈ ਸਾਰਥਕ ਭੂਮਿਕਾ ਨਿਭਾਉਂਦਾ ਹੈ।

ਪਾਠ ਨੰ. 2.3 ਲੇਖਕ : ਡਾ. ਸਾਧੂ ਸਿੰਘ

## ਰੀਤੀ-ਰਿਵਾਜ਼ : ਜਨਮ, ਵਿਆਹ ਅਤੇ ਮੌਤ ਸੰਬੰਧੀ
## (ਸਮਾਜਕ ਤੇ ਸਭਿਆਚਾਰਕ ਸਾਰਥਕਤਾ : ਮੁੱਖ ਵੰਨਗੀਆਂ)

**ਪਾਠ ਦਾ ਮੰਤਵ**

ਇਸ ਪਾਠ ਦਾ ਮੰਤਵ ਰੀਤੀ ਰਿਵਾਜਾਂ ਬਾਰੇ ਜਾਣਕਾਰੀ ਦੇਣਾ ਹੈ। ਰੀਤੀ ਰਿਵਾਜਾਂ ਦਾ ਬਹੁਤ ਵਿਸ਼ਾਲ ਘੇਰਾ ਹੈ। ਇਸ ਪਾਠ ਦਾ ਮੰਤਵ ਜਨਮ, ਵਿਆਹ ਅਤੇ ਮਰਨ ਸੰਬੰਧੀ ਰੀਤੀ-ਰਿਵਾਜਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਤੱਕ ਹੀ ਸੀਮਤ ਰੱਖਿਆ ਗਿਆ ਹੈ। ਇਹ ਰੀਤੀ-ਰਿਵਾਜ ਸਮਾਜਕ ਅਤੇ ਸਭਿਆਚਾਰਕ ਤੌਰ 'ਤੇ ਕੀ ਭੂਮਿਕਾ ਨਿਭਾਉਂਦੇ ਹਨ, ਇਸ ਬਾਰੇ ਵੀ ਸੰਖੇਪ ਵਿਚ ਚਰਚਾ ਕੀਤੀ ਗਈ ਹੈ।

**ਪਾਠ ਦੀ ਰੂਪ ਰੇਖਾ**

ਸਭ ਤੋਂ ਪਹਿਲਾਂ ਰੀਤੀ ਰਿਵਾਜਾਂ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਪਾਠ ਦੇ ਸ਼ੁਰੂ ਵਿਚ ਰੀਤਾਂ ਅਤੇ ਆਮ ਜਨ-ਜੀਵਨ ਦੇ ਸੰਬੰਧਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਸ ਤੋਂ ਬਾਅਦ ਜਨਮ ਸਮੇਂ ਦੀਆ ਰਸਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਰਸਮਾਂ ਪ੍ਰਚੱਲਤ ਰਸਮਾਂ ਹਨ। ਇਲਾਕੇ ਅਨੁਸਾਰ ਇਹਨਾਂ ਵਿਚ ਭਿੰਨਤਾ ਹੋ ਸਕਦੀ ਹੈ। ਇਸ ਤੋਂ ਬਾਅਦ ਵਿਆਹ ਸਮੇਂ ਦੀਆਂ ਰੀਤਾਂ ਦਾ ਉਲੇਖ ਕੀਤਾ ਗਿਆ ਹੈ। ਵਿਆਹ ਸਮੇਂ ਦੀਆ ਰਸਮਾਂ ਵੀ ਖਿੱਤੇ ਅਨੁਸਾਰ ਬਦਲਦੀਆਂ ਹਨ। ਅੰਤ ਵਿਚ ਮਰਨ ਸਮੇਂ ਦੀਆਂ ਰਸਮਾਂ ਦਾ ਉਲੇਖ ਕੀਤਾ ਗਿਆ ਹੈ ਅਤੇ ਇਹਨਾਂ ਰਸਮਾਂ ਦਾ ਸਮਜਿਕ ਅਤੇ ਸਭਿਆਚਾਰਕ ਮਹੱਤਵ ਵੀ ਦਰਸਾਇਆ ਗਿਆ ਹੈ।

**ਮੂਲ ਪਾਠ**

ਕਿਹਾ ਜਾਂਦਾ ਹੈ ਪੰਜਾਬੀ ਰੀਤਾਂ ਵਿਚ ਹੀ ਜੰਮਦਾ, ਪ੍ਰਵਾਨ ਚੜ੍ਹਦਾ ਤੇ ਆਪਣੇ ਅੰਤਿਮ ਸੁਆਸ ਪੂਰੇ ਕਰਦਾ ਹੈ। ਗੀਤਾਂ ਵਾਲੀ ਗੱਲ ਰੀਤਾਂ ਉਪਰ ਵੀ ਪੂਰੀ ਢੁਕਦੀ ਹੈ। ਸਾਡਾ ਸਮੁੱਚਾ ਜੀਵਨ ਹੀ ਰਹੁ-ਰੀਤਾ ਦੀ ਮਰਯਾਦਾ ਵਿਚ ਬੱਝਾ ਹੋਇਆ ਹੈ। ਇਹ ਮਰਯਾਦਾਵਾਂ ਪੰਜਾਬੀ ਭਾਈਚਾਰੇ ਦੇ 'ਨੱਕ' ਨਾਲ ਗਹਿਰੇ ਤੌਰ 'ਤੇ ਜੁੜੀਆਂ ਹੋਈਆ ਹਨ। ਇਨ੍ਹਾਂ ਉਪਰ ਪਹਿਰਾ ਦੇਣ ਜਾਂ ਇਨ੍ਹਾਂ ਦੇ ਪਾਲਣ ਨਾਲ ਹੀ ਬੰਦੇ ਦਾ 'ਨੱਕ ਰਹਿੰਦਾ' ਕਿਹਾ ਜਾਂਦਾ ਹੈ। ਕੋਈ ਬੰਦਾ ਸਹਿਜੇ ਕੀਤੇ ਆਪਣਾ ਨੱਕ ਵਢਾਉਣਾ ਨਹੀਂ ਚਾਹੁੰਦਾ। ਇਸ ਲਈ ਉਹ ਔਖਾ ਸੌਖਾ ਆਪਣੇ ਵਿਤ ਤੋਂ ਬਾਹਰ ਜਾ ਕੇ ਇਸ ਲੋਕਾਚਾਰੀ ਦੀ ਪਾਲਣਾ ਜ਼ਰੂਰ ਕਰਦਾ ਹੈ।

ਹਰ ਭਾਈਚਾਰੇ ਦੇ ਆਪਣੇ ਵੱਖਰੇ ਰੀਤੀ-ਰਿਵਾਜ ਤੇ ਮਨੌਤਾਂ ਹਨ ਜੋ ਉਨ੍ਹਾਂ ਦੇ ਜੀਵਨ-ਪ੍ਰਵਾਹ ਵਿਚੋਂ ਮੱਥ ਕੇ ਨਿੱਤਰ ਆਉਂਦੀਆਂ ਹਨ। ਰੀਤ-ਰਿਵਾਜ ਜਾਤੀ ਦੇ ਵਿਸ਼ਵਾਸਾਂ, ਸੰਕਲਪਾਂ ਤੇ ਨਿਸ਼ਚਿਆਂ ਵਿਚੋਂ ਸਹਿਜ ਭਾਵ ਨਿੰਮਦੇ ਹਨ ਤੇ ਪੁਰਖੀ ਅਨੁਭਵ ਦੇ ਰੂਪ ਵਿਚ, ਸਮੇਂ ਨਾਲ ਅੱਗੇ ਤੁਰਦੇ ਜਾਂਦੇ ਹਨ।

ਸਾਡੇ ਰੀਤੀ-ਰਿਵਾਜ ਕੇਵਲ ਜਨਮ ਤੋਂ ਮੌਤ ਤੱਕ ਦੇ ਪ੍ਰਮੁੱਖ ਪੜਾਵਾਂ ਨਾਲ ਹੀ ਸੰਬੰਧਤ ਨਹੀਂ। ਸਗੋਂ ਇਹ ਜਨਮ ਤੋਂ ਪਹਿਲਾਂ ਹੀ ਸੁਰੂ ਹੋ ਜਾਂਦੇ ਹਨ ਅਤੇ ਬੰਦੇ ਦੇ ਮਰਨ ਮਗਰੋਂ ਉਹਦੀ 'ਗਤੀ' ਲਈ ਮਰਨ ਉਪਰੰਤ ਵੀ ਚਲਦੇ ਰਹਿੰਦੇ ਹਨ।

### ਜਨਮ ਸਮੇਂ ਦੀਆਂ ਰਸਮਾਂ

ਇਹ ਰਹੁ-ਰੀਤਾਂ ਬੱਚੇ ਦੇ ਜਨਮ ਤੋਂ ਪਹਿਲਾਂ ਉਹਦੇ ਨਿੰਮਣ ਸਮੇਂ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ। ਸਭ ਤੋਂ ਪਹਿਲੀ ਰੀਤ ਨੂੰ ਗਰਭ-ਸੰਸਕਾਰ ਆਖਿਆ ਜਾਂਦਾ ਹੈ। ਗੁਲਜ਼ਾਰ ਸਿੰਘ ਸੰਧੂ ਦੇ ਸ਼ਬਦਾਂ ਵਿਚ 'ਪ੍ਰੇਤ ਰੂਹਾਂ ਤੋਂ ਬਚਣ ਲਈ ਗਰਭ ਦੇ ਤੀਜੇ, ਪੰਜਵੇਂ ਅਤੇ ਸੱਤਵੇਂ ਮਹੀਨੇ ਵਿਚ ਇਸਤਰੀ ਦੇ ਪੱਲੇ ਨਾਲ ਅਨਾਜ ਬੰਨ੍ਹਿਆ ਜਾਂਦਾ ਹੈ ਜਾਂ ਉਸਦੇ ਪੱਲੇ ਪਾਇਆ ਜਾਦਾ ਹੈ। ਜੇ ਕੁੜੀ ਸਹੁਰੀਂ ਹੋਵੇ ਤਾਂ ਇਹ ਅਨਾਜ ਮਾਪੇ ਭੇਜਦੇ ਹਨ। ਉਹ ਇਸ ਨੂੰ ਪੱਲੇ ਵਿਚ ਪਾਉਂਦੀ ਹੈ, ਰਿੰਨ੍ਹ ਕੇ ਖਾਂਦੀ ਹੈ ਤੇ ਭਾਈਚਾਰੇ ਵਿਚ ਵੰਡਦੀ ਹੈ।

ਲੋਕਾਂ ਵਿਚ ਆਮ ਵਿਸ਼ਵਾਸ ਹੈ ਕਿ ਗਰਭਵਤੀ ਇਸਤਰੀ ਦੇ ਲੜ ਬੰਨ੍ਹਿਆ ਕੱਚਾ ਅਨਾਜ ਕੱਚ-ਸੂਤਕੇ ਬਾਲ ਦੀ ਮਾਂ ਦੇ ਉਦਰ ਵਿਚ ਪ੍ਰੇਤ ਰੂਹਾਂ ਤੋਂ ਰਾਖੀ ਕਰਦਾ ਹੈ।

ਕੁਝ ਥਾਂ ਕੁੜੀ ਦੇ ਮਾਪੇ ਉਹਦੇ ਸਹੁਰੀਂ ਸੰਧਾਰਾ ਭੇਜਦੇ ਹਨ, ਇਸ ਨੂੰ 'ਮਿੱਠਾ ਬੋਹੀਆ' ਕਿਹਾ ਜਾਂਦਾ ਹੈ। ਕੁਝ ਥਾਂਈਂ ਗਰਭ ਦੇ ਤੀਜੇ ਮਹੀਨੇ ਕੁੜੀ ਦੀ ਨਣਾਨ ਆਪਣੀ ਗਰਭਵਤੀ ਭਰਜਾਈ ਦੇ ਅੱਖੀਂ ਸੁਰਮਾ ਪਾਉਂਦੀ ਹੈ। ਇਸ ਨੂੰ 'ਅੱਖ ਸਿਲਾਈ' ਦੀ ਰਸਮ ਕਿਹਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਜਣੇਪੇ ਤੀਕ ਗਰਭਵਤੀ ਲਈ ਹੋਰ ਸੁਰਮਾ ਪਾਉਣਾ ਵਰਜਿਤ ਹੁੰਦਾ ਹੈ। ਗਰਭਵਤੀ ਔਰਤ ਦੇ ਸ਼ਿਲੇ ਤੇ ਅਫਸੋਸ ਵਾਲੇ ਘਰੀਂ ਜਾਣ ਅਤੇ ਕਿਸੇ ਦਾ ਸਿਰ ਆਦਿ ਫੋਲਣ ਦੀ ਮਨਾਹੀ ਹੁੰਦੀ ਹੈ। ਉਸਨੂੰ ਹੋਰ ਵੀ ਕਈ 'ਸਖਤ ਥਾਈਂ' ਜਾਣਾ ਮਨ੍ਹਾ ਹੁੰਦਾ ਹੈ।

ਪੰਜਾਬ ਵਿਚ ਆਮ ਤੌਰ 'ਤੇ ਪਹਿਲਾਂ ਜਣੇਪਾ ਕੁੜੀ ਦੇ ਪੇਕੇ ਕਰਾਉਣ ਦਾ ਰਿਵਾਜ ਹੈ। ਜਿਥੇ ਜਣੇਪਾ ਕਰਵਾਹਿਆ ਜਾਵੇ, ਉਸ ਕਮਰੇ ਨੂੰ ਛਿਲੇ ਵਾਲਾ ਕਮਰਾ ਕਿਹਾ ਜਾਂਦਾ ਹੈ। ਇਥੇ ਅਨਾਜ, ਲੋਹੇ ਦਾ ਕੜਾ ਜਾਂ ਦਾਤੀ ਆਦਿ ਰੱਖੇ ਜਾਂਦੇ ਹਨ। ਕੁਝ ਲੋਕ ਇਹ ਚੀਜ਼ਾਂ ਜਣੇਪੇ ਵਾਲੀ ਔਰਤ ਦੇ ਮੰਜੇ ਦੇ ਪਾਵੇ ਨਾਲ ਬੰਨ੍ਹ ਦਿੰਦੇ ਹਨ। ਕਮਰੇ ਵਿਚ ਅਠਪਹਿਰੀ ਜੋਤ ਜਗਦੀ ਰੱਖੀ ਜਾਂਦੀ ਹੈ। ਬੱਚੇ ਦੇ ਜਨਮ ਦਾ ਐਲਾਨ ਘਰ ਦੀ ਡਿਓਡੀ ਦੇ ਦਰਵਾਜ਼ੇ 'ਤੇ ਸ਼ਰੀਹੋਂ ਆਦਿ ਦੇ ਪੱਤੇ ਬੰਨ੍ਹ ਕੇ ਕੀਤਾ ਜਾਦਾ ਹੈ। ਦਾਈ ਬੱਚੇ ਨੂੰ ਪਹਿਲਾਂ ਇਸ਼ਨਾਨ ਕਰਵਾਉਂਦੀ ਹੈ। ਨਵ-ਜਨਮੇ ਬਾਲ ਦੇ ਨਾੜੂਏ ਨੂੰ ਕੱਟਣ ਦੀ ਰਸਮ 'ਨਾੜੂਆ ਸੰਘਾਰਨਾ' ਕਿਹਾ ਜਾਂਦਾ ਹੈ।

ਜਨਮ ਤੋਂ ਬਾਅਦ ਕਿਸੇ ਸਿਆਣੇ ਤੇ ਠੰਡੇ ਸੁਭਾਓ ਵਾਲੇ ਵਿਅਕਤੀ ਤੋਂ ਉਸ ਨੂੰ ਗੁੜ੍ਹਤੀ ਦੁਆਈ ਜਾਂਦੀ ਹੈ। ਇਸ ਪਿੱਛੇ ਇਹ ਵਿਸ਼ਵਾਸ ਕੰਮ ਕਰਦਾ ਹੈ ਕਿ ਬੱਚੇ ਦਾ ਸੁਭਾਓ ਵੀ ਉਸਨੂੰ ਗੁੜ੍ਹਤੀ ਦੇਣ ਵਾਲੇ ਬੰਦੇ ਦੇ ਸੁਭਾਓ ਉਪਰ ਹੀ ਜਾਂਦਾ ਹੇ।

ਜਨਮ ਦੀ ਖਬਰ ਸੁਣਨ ਤੋਂ ਬਾਅਦ ਭਾਈਚਾਰੇ ਦੇ ਲੋਕ ਤੇ ਲਾਗੀ ਆਦਿ ਵਧਾਈਆਂ ਦੇਣ ਆਉਂਦੇ ਹਨ। ਇਸ ਸਮੇਂ ਆਪੋ ਆਪਣੀ ਵਿਤ ਅਨੁਸਾਰ ਗੁੜ, ਪਤਾਸੇ ਜਾਂ ਲੱਡੂ ਆਦਿ ਵੰਡੇ ਜਾਂਦੇ ਹਲ। ਪੰਜਾਬ ਵਿਚ ਬਹੁਤੇ ਚਾਓ ਮਲ੍ਹਾਰ ਮੁੰਡੇ ਦੇ ਜਨਮ ਨਾਲ ਹੀ ਜੁੜੇ ਹੋਏ ਹਨ। ਬਹੁਤੇ ਲੋਕਾਂ ਦੇ ਘਰੀਂ ਕੁੜੀ ਦੇ ਜਨਮ ਸਮੇਂ ਤਾਂ ਸੋਗ ਦਾ ਵਾਤਾਵਰਣ ਛਾ ਜਾਂਦਾ ਹੈ। ਪਰੰਤੂ ਅੱਜ ਕੱਲ੍ਹ ਨਵੇਂ ਵਿਚਾਰਾਂ ਵਾਲੇ ਲੋਕਾਂ ਦੇ ਘਰਾਂ ਵਿਚ ਇਹ ਭਿੰਨ-ਭੇਦ ਮਿਟਦਾ ਜਾ ਰਿਹਾ ਹੈ।

ਬੱਚੇ ਨੂੰ ਪਹਿਲੀ ਵਾਰ ਦੁੱਧ ਪਿਆਉਣ ਤੋਂ ਪਹਿਲਾਂ ਬੱਚੇ ਦੀ ਭੂਆ ਕੋਲੋਂ ਜੱਚਾ ਦੀਆਂ ਦੁੱਧੀਆਂ ਨੂੰ ਉਚੇਚੇ ਤੌਰ 'ਤੇ ਤਿਆਰ ਕੀਤੀ ਸਮੱਗਰੀ ਨਾਲ ਧੁਆਇਆ ਜਾਂਦਾ ਹੈ। ਇਸ ਕਾਰਜ ਲਈ ਕਈ ਥਾਈਂ ਕੁਸ਼ਾਂ ਦੀ ਕੂਚੀ ਵਰਤਣ ਦਾ ਰਿਵਾਜ ਹੈ। ਸਰਦੇ ਘਰਾਂ ਵਿਚ ਦੁੱਧ-ਧੁਆਈ ਦੀ ਰਸਮ ਲਈ ਨਵ-ਜਨਮੇ ਬਾਲ ਦੀ ਭੂਆ ਨੂੰ ਮਹਿੰਗੇ ਤੋਹਫੇ ਦਿੱਤੇ ਜਾਂਦੇ ਹਨ।

ਪੰਜਾਬ ਵਿਚ 'ਪੰਜਵਾਂ ਨਹਾਓਣ' ਦੀ ਰੀਤ ਵੀ ਆਮ ਪਾਈ ਜਾਂਦੀ ਹੈ। ਬੱਚੇ ਦੇ ਜਨਮ ਤੋਂ ਪੰਜਵੇਂ ਦਿਨ ਬਾਅਦ ਮਾਂ ਨੂੰ ਨਵ੍ਹਾਇਆ ਜਾਂਦਾ ਹੈ। ਤੇਰਵੇਂ ਦਿਨ ਰਹੁ-ਰੀਤਾਂ ਦਾ ਪਾਲਣ ਕਰਕੇ ਜੱਚਾ ਨੂੰ ਨਵੇਂ ਕੱਪੜੇ ਆਦਿ ਪੁਆ ਕੇ 'ਬਾਹਰ ਵਧਾਇਆ' ਜਾਂਦਾ ਹੈ। ਬਾਹਰ ਵਧਣ ਤੋਂ ਬਾਅਦ ਇਸਤਰੀ ਨੂੰ ਛਿਲੇ ਵਾਲੇ ਕਮਰੇ 'ਚੋਂ ਬਾਹਰ ਆਉਣ ਜਾਣ ਦੀ ਖੁੱਲ੍ਹ ਹੁੰਦੀ ਹੈ।

ਪਰ ਉਹਨੂੰ ਸਵਾ ਮਹੀਨਾ ਕਾਫੀ ਸਾਰੇ ਰੱਖ-ਪਰਹੇਜ਼ ਕਰਨੇ ਪੈਂਦੇ ਹਨ। ਕੁੜੀ ਦੇ ਸਹੁਰੀਂ ਮਿੱਠਾ ਭੇਜ ਕੇ ਬੱਚੇ ਦੇ ਜਨਮ ਦੀ ਖਬਰ ਭੇਜੀ ਜਾਂਦੀ ਹੈ ਬਦਲੇ ਵਿਚ ਉਸ ਦੀ ਸੱਸ ਘਿਓ ਲੈ ਕੇ ਆਉਂਦੀ ਹੈ। ਘਿਓ ਜਿਸਦਾ ਜੱਚਾ ਲਈ ਦਾਬੜਾ ਬਣਾਇਆ ਜਾਂਦਾ ਹੈ, ਇਸ ਤੋਂ ਬਿਨਾਂ ਬੱਚੇ ਤੇ ਉਹਦੀ ਮਾਂ ਲਈ ਕੱਪੜੇ-ਲੀੜੇ ਤੇ ਗਹਿਣਿਆਂ ਆਦਿ ਦੀ ਸੂਰਤ ਵਿਚ ਕਈ ਹੋਰ ਸੁਗਾਤਾਂ ਵੀ ਲਿਆਂਦੀਆਂ ਜਾਂਦੀਆਂ ਹਨ।

ਚਾਲ੍ਹੀਵੇਂ ਦਿਨ ਛਿਲੇ ਦੀ ਹਰ ਪ੍ਰਕਾਰ ਦੀ ਅਸ਼ੁੱਧਤਾ ਖਤਮ ਹੋਈ ਸਮਝੀ ਜਾਂਦੀ ਹੈ। ਸਜਦੇ-ਪੁੱਜਦੇ ਘਰ ਨਵ-ਜਨਮੇ ਬਾਲ ਦੀ ਛਟੀ ਦੀ ਰਸਮ ਕਰਦੇ ਹਨ। ਇਹ ਇਕ ਤਰ੍ਹਾਂ ਨਾਲ ਖੁਸ਼ੀਆਂ ਦਾ ਤਿਉਹਾਰ ਹੁੰਦਾ ਹੈ। ਪ੍ਰੀਤੀ ਭੋਜ ਹੁੰਦੇ ਹਨ ਤੇ ਦਾਰੂ ਦੇ ਖੁੱਲ੍ਹੇ ਦੌਰ ਚਲਦੇ ਹਨ। ਖੁਸ਼ੀ ਦੇ ਗੀਤ ਗਾਏ ਜਾਂਦੇ ਹਨ। ਇਸ ਵੇਲੇ ਨਿਕਟ-ਵਰਤੀ ਰਿਸ਼ਤੇਦਾਰਾਂ ਵਿਚਕਾਰ ਦੇਣ ਲੈਣ ਦਾ ਕਾਫੀ ਲੰਮਾ ਚੌੜਾ ਖਲਜਗਣ ਪਾਇਆ ਜਾਂਦਾ ਹੈ।

ਪੰਜਾਬ ਵਿਚ ਮੁੰਡੇ ਦੀ ਲੋਹੜੀ ਵੰਡਣ ਦਾ ਰਿਵਾਜ ਸਾਰੇ ਹੀ ਵਰਗਾਂ ਵਿਚ ਪ੍ਰਚੱਲਿਤ ਹੈ। ਇਸ ਦਿਨ ਢਾਣੀ ਬੰਨ੍ਹ ਕੇ ਘਰੋਂ-ਘਰੀਂ ਗੀਤ ਗਾਉਂਦੇ ਫਿਰਦੇ ਮੁੰਡਿਆਂ ਕੁੜੀਆਂ ਦੀਆਂ ਟੋਲੀਆਂ ਨੂੰ ਘਰ ਵਾਲਿਆਂ ਵੱਲੋਂ ਖੁਲ੍ਹੇ ਦਿਲ ਨਾਲ ਗੁੜ, ਪਤਾਸੇ ਆਦਿ ਦਿੱਤੇ ਜਾਂਦੇ ਹਨ।

ਬੱਚੇ ਦਾ ਨਾਉਂ ਰੱਖਣ ਦੀ ਰੀਤੀ ਨੂੰ 'ਨਾਮ-ਸੰਸਕਾਰ' ਕਹਿੰਦੇ ਹਨ। ਇਹ ਰੀਤੀ ਵੱਖੋ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕ ਆਪੋ ਆਪਣੇ ਇਸ਼ਟ ਦੀ ਹਾਜ਼ਰੀ-ਹਜ਼ੂਰੀ ਵਿਚ ਥੋੜ੍ਹੇ ਬਹੁਤ ਅੰਤਰ ਨਾਲ ਨੇਪਰੇ ਚਾੜ੍ਹਦੇ ਹਨ।

ਹਿੰਦੂ ਵਸੋਂ ਵਿਚ ਤੀਜੇ ਜਾਂ ਪੰਜਵੇਂ ਵਰ੍ਹੇ ਬੱਚੇ ਦਾ ਮੁੰਡਨ ਕਰਵਾਇਆ ਜਾਂਦਾ ਹੈ। ਕੁਝ ਲੋਕ ਦੇਵੀ ਦੇ ਸਥਾਨ 'ਤੇ ਜਾ ਕੇ ਬੱਚੇ ਦੇ ਭੱਦਣ ਕਰਵਾਉਂਦੇ ਹਨ। ਇਨ੍ਹਾਂ ਵਿਚਕਾਰ ਬੱਚੇ ਦੇ ਜਨੇਊ ਪਹਿਨਣ ਦੀ ਰੀਤੀ ਨੂੰ 'ਜਨੇਊ ਸੰਸਕਾਰ' ਕਿਹਾ ਜਾਂਦਾ ਹੈ। ਸਿੱਖ ਤੇ ਮੁਸਲਮਾਨ ਇਹ ਦੋਨੋਂ ਰੀਤਾਂ ਨਹੀਂ ਕਰਵਾਉਂਦੇ। ਮੁਸਲਮਾਨ ਮੁੰਡੇ ਦੀ ਸੁੰਨਤ ਕਰਵਾਉਂਦੇ ਹਨ ਤੇ ਸਿੱਖ ਉਹਨੂੰ ਵਿਸ਼ੇਸ਼ ਮਰਯਾਦਾ ਦਾ ਪਾਲਣ ਕਰਦੇ ਹੋਏ ਅੰਮ੍ਰਿਤ ਛਕਾਉਂਦੇ ਹਨ।

ਕੁੜੀਆਂ ਦੀ ਸੂਰਤ ਵਿਚ ਕੰਨ-ਵਿਨ੍ਹਾਈ, ਨੱਕ-ਵਿਨ੍ਹਾਈ ਵੇਲੇ ਸਾਦਾ ਜਿਹੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਇਹ ਗੱਲ ਵਿਸ਼ੇਸ਼ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਜਨਮ ਤੋਂ ਮਗਰੋਂ ਗਭਰੀਟ ਅਵਸਥਾ ਤੀਕ ਬਹੁਤੀਆਂ ਰਹੁ-ਰੀਤਾਂ ਮੁੰਡੇ ਦੇ ਸੰਦਰਭ ਵਿਚ ਹੀ ਕੀਤੀਆਂ ਜਾਂਦੀਆਂ ਹਨ।

ਪੰਜਾਬ ਵਿਚ ਮੁੰਡੇ ਦੇ ਜਨਮ ਵੇਲੇ ਖੁਸਰੇ ਨਚਾਉਣ ਦਾ ਆਮ ਰਿਵਾਜ ਹੈ। ਖੁਸਰੇ ਮੁੰਡੇ ਦੇ ਜਨਮ ਦੀ ਭਿਣਕ ਰੱਖਦੇ ਹਨ। ਇਸ ਖਬਰ ਦੀ ਭਿਣਕ ਪੈਣ ਸਾਰ ਹੀ ਉਹ ਮੁੰਡੇ ਵਾਲਿਆਂ ਦੇ ਘਰ ਆ ਕੇ ਢੋਲਕ 'ਤੇ ਘਸਰੇ ਮਾਰਨ ਅਤੇ ਆਪਣੀ ਵਿਸ਼ੇਸ਼ ਸੁਰ ਵਿਚ ਵਧਾਈਆਂ ਦੇ ਗੀਤ ਗਾਉਣੇ ਸ਼ੁਰੂ ਕਰ ਦਿੰਦੇ ਹਨ ਤੇ ਮੂੰਹ ਮੰਗਵੀਂ ਨਕਦੀ ਤੇ ਕੱਪੜਾ ਲੈ ਕੇ ਹੀ ਘਰ ਵਾਲਿਆਂ ਦਾ ਪਿੱਛਾ ਛੱਡਦੇ ਹਨ। ਬਹੁਤੀ ਵਾਰ ਤਾਂ ਘਰ ਵਾਲੇ ਇਹ ਸਭ ਕੁਝ ਆਪਣੀ ਮਰਜ਼ੀ ਤੇ ਸ਼ੌਕ ਵਸ ਹੀ ਦਿੰਦੇ ਹਨ ਪਰ ਜੇ ਲੋੜ ਪਵੇ ਤਾਂ ਖੁਸਰੇ ਆਪਣਾ 'ਅੜੋਦਾਨ' ਲੈਣ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡਦੇ।

## ਵਿਆਹ ਸਮੇਂ ਦੀਆਂ ਰਸਮਾਂ

**ਕੁੜਮਾਈ**

ਪੰਜਾਬ ਵਿਚ ਵਿਆਹ ਦਾ ਮੁੱਢ ਕੁੜਮਾਈ, ਮੰਗਣੇ ਜਾ ਸ਼ਗਨ ਦੀ ਰਸਮ ਨਾਲ ਬੱਝਦਾ ਹੈ। ਅੱਜ ਕੱਲ੍ਹ ਤਾਂ ਕੁਝ ਕੁੜੀਆਂ ਤੇ ਮੁੰਡੇ ਆਪੋ ਆਪਣੀ ਮਰਜ਼ੀ ਦਾ ਪ੍ਰੇਮ-ਵਿਆਹ ਰਚਾ ਕੇ ਝੱਟ ਮੰਗਣੀ ਤੇ ਪੱਟ ਵਿਆਹ ਵਾਲਾ ਕੰਮ ਵੀ ਕਰ ਲੈਂਦੇ ਹਨ। 'ਵਰ ਦੀ ਲੋੜ' ਪੂਰੀ ਕਰਨ ਲਈ ਅਖਬਾਰੀ ਇਸ਼ਤਿਹਾਰਾਂ ਰਾਹੀਂ ਵੀ ਕੰਮ ਹੋਣ ਲੱਗ ਗਿਆ ਹੈ ਪਰ ਹਾਲੇ ਵੀ ਬਹੁਤੇ ਵਿਆਹ ਵਿਚੋਲੇ ਰਾਹੀਂ ਹੀ ਸਿਰੇ ਚੜ੍ਹਦੇ ਹਨ। ਪਹਿਲਿਆਂ ਸਮਿਆਂ ਵਿਚ ਮੰਗਣੇ ਦਾ ਕੰਮ 'ਰਾਜਿਆਂ' ਤੇ ਪਰੋਹਿਤਾਂ, ਪੰਡਿਤਾਂ ਰਾਹੀਂ ਸਿਰੇ ਚੜ੍ਹਦਾ ਹੁੰਦਾ ਸੀ।

ਮੰਗਣੇ ਵੇਲੇ ਵਰ ਤੇ ਘਰ ਦੋਹਾਂ ਦੇ ਹੀ ਹਾਣ-ਮੇਚ ਦਾ ਖਿਆਲ ਰੱਖਿਆ ਜਾਂਦਾ ਹੈ ਪਰ ਬਹੁਤੀਆਂ ਸੂਰਤਾਂ ਵਿਚ 'ਵਰ' ਉਪਰ ਘਰ ਹੀ ਹਾਵੀ ਹੋ ਜਾਂਦਾ ਸੀ ਤਾਂ ਹੀ ਸ਼ਾਇਦ ਪੰਜਾਬ ਵਿਚ ਇਹ ਕਹਾਵਤ ਮਸ਼ਹੂਰ ਹੈ ਕਿ 'ਜੋੜੀਆਂ ਜੱਗ ਥੋੜ੍ਹੀਆਂ ਨਰੜ ਬਥੇਰੇ।'

ਕੁੜਮਾਈ ਵੇਲੇ ਜਾਤ-ਗੋਤ ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ ਭਾਵੇਂ ਅੱਜ ਕੱਲ੍ਹ ਅੰਤਰ-ਜਾਤੀ ਵਿਆਹ ਵੀ ਹੋਣ ਲੱਗ ਪਏ ਹਨ ਪਰੰਤੂ ਬਹੁਤੇ ਵਿਆਹ ਆਪੋ ਆਪਣੀ ਜਾਤ ਦੇ ਘੇਰੇ ਅੰਦਰ ਹੀ ਨੇਪਰੇ ਚੜ੍ਹਦੇ ਹਨ। ਬ੍ਰਾਹਮਣ ਖੱਤਰੀਆਂ ਵਿਚਕਾਰ ਬਾਹਰੀ, ਬਜਾਹੀ, ਅਠਵੰਸੇ ਜਾਂ ਢਾਈ ਘਰੇ ਵਿਸ਼ੇਸ਼ ਗੋਤਾਂ ਦੀ ਲਛਮਣ ਰੇਖਾ ਅੰਦਰ ਹੀ ਆਪਣੇ ਮੁੰਡੇ ਕੁੜੀਆਂ ਦੇ ਵਿਆਹ/ਕੁੜਮਾਈਆਂ ਕਰਦੇ ਹਨ। ਪਰ ਅੱਜ ਕੱਲ੍ਹ ਭਾਵੇਂ ਇੰਨੀਆਂ ਪੀਢੀਆਂ ਬੰਦਸ਼ਾਂ ਦੀ ਪਕੜ ਤਾਂ ਢਿੱਲੀ ਪੈਣੀ ਸ਼ੁਰੂ ਹੋ ਗਈ ਹੇ ਪਰ ਹਾਲੇ ਵੀ ਇਸ ਨੇਮ ਦੀ ਜ਼ਰੂਰ ਹੀ ਪਾਲਣਾ ਕੀਤੀ ਜਾਂਦੀ ਹੈ ਕਿ ਵਿਆਹ ਆਪਣੀ ਜਾਤ ਅੰਦਰ ਹੀ ਹੋਵੇ ਤੇ ਮੁੰਡੇ ਕੁੜੀ ਦੇ ਨਾਨਕਿਆਂ ਤੇ ਦਾਦਕਿਆਂ ਦਾ ਗੋਤ ਨਾ ਰਲਦਾ ਹੋਵੇ। ਸ਼ਰਧਾ ਰਾਮ ਫਲੌਰੀ ਅਨੁਸਾਰ, ''ਪੰਜਾਬ ਵਿਚ ਕੁੜਮਾਈ ਦੀ ਇਹ ਰੀਤ ਹੈ ਜੋ ਧੀ ਵਾਲਾ ਆਪਣੇ ਨਾਈ ਦੇ ਹੱਥ ਸੱਤ ਛੁਹਾਰੇ ਤੇ ਇਕ ਰੁਪਈਏ ਦੇ ਕੇ ਮੁੰਡੇ ਵਾਲਿਆਂ ਦੇ ਘਰ ਭੇਜਦਾ ਹੇ। ਜਦੋਂ ਨਾਈ ਪੁੱਤ ਵਾਲਿਆਂ ਦੇ ਘਰ ਪਹੁੰਚੇ ਤਾਂ ਘਰ ਵਾਲੇ ਆਪਣੇ ਬੂਹੇ ਦੀਆਂ ਦੋਹਾਂ ਮੁੱਖਾਂ ਪੁਰ ਤੇਲ ਚੋ ਕੇ ਨਾਈ ਨੂੰ ਅੰਦਰ ਲੈ ਆਂਦੇ ਹਨ। ਉਹਦੀ ਖਾਤਰਦਾਰੀ ਪਿੱਛੋਂ ਨਗਰ ਦੇ ਪੰਚ ਅਰ ਭਾਈਚਾਰੇ ਦੇ ਲੋਕ 'ਕੱਠੇ ਹੋ ਕੇ ਘਰ ਦੇ ਪਾਂਧੇ ਤੋਂ ਆਟੇ ਚੌਂਕ ਚੁਕਾਉਂਦੇ ਹਨ ਜਦੋਂ ਪਾਂਧਾ ਵੇਦ ਦੀ ਰੀਤ ਅਨੁਸਾਰ ਬਾਲਕ ਤੇ ਚੌਂਕ ਦੀ ਪੂਜਾ ਕਰ ਚੁੱਕਦਾ ਹੈ ਤਾਂ ਨਾਈ ਉਹ ਛੁਆਰੇ ਤੇ ਰੁਪਇਆ ਮੁੰਡੇ ਦੀ ਝੋਲੀ ਪਾ ਕੇ ਮੱਥੇ 'ਤੇ ਟਿੱਕਾ ਲਾ ਦਿੰਦਾ ਹੈ। ਅਰ ਮੁੱਖ ਤੋਂ ਇਹ ਬਚਨ ਮੁੰਡੇ ਦੇ ਪਿਓ ਨੂੰ ਆਖਦਾ ਹੈ ਕਿ ਵਧਾਈਆਂ ਮਹਾਰਾਜਾ ਫੇਰ ਮੁੰਡੇ ਦਾ ਪਿਉ ਆਪਣੀ ਸ਼ਰਧਾ ਅਨੁਸਾਰ ਬ੍ਰਾਹਮਣਾਂ ਤੇ

ਨਾਈਆਂ ਨੂੰ ਰੁਪਏ ਪੈਸੇ ਤੇ ਭਾਈਚਾਰੇ ਨੂੰ ਸ਼ੱਕਰ ਵੰਡਦਾ ਹੈ। ਫੇਰ ਸਭ ਲੋਕ ਮੁੰਡੇ ਦੇ ਪਿਓ ਨੂੰ ਵਧਾਈਆਂ ਦੇ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ। ਇਸ ਰੀਤ ਦਾ ਨਾਉਂ ਸ਼ਗਨ ਆਖਦੇ ਹਨ। ਇਸ ਮੌਕੇ 'ਤੇ ਸ਼ਰੀਕੇ ਭਾਈਚਾਰੇ ਦੇ ਲੋਕ ਆਪੋ ਆਪਣੇ ਲੈਣ-ਦੇਣ ਦੇ ਰਿਵਾਜ ਅਨੁਸਾਰ ਮੁੰਡੇ ਦੀ ਝੋਲੀ ਸ਼ਗਨ ਪਾਉਂਦੇ ਹਨ।

ਪਰ ਅੱਜ ਕੱਲ੍ਹ ਲੈਣ ਦੇਣ ਦੀ ਪਰੰਪਰਾ ਦਾ ਕੋਈ ਹੱਦ-ਬੰਨ੍ਹਾ ਨਹੀਂ ਰਿਹਾ। ਵਿੱਦਿਆ ਦਾ ਚਾਨਣ ਫੈਲਣ ਦੇ ਬਾਵਜੂਦ ਵੀ ਇਹ ਰਸਮਾਂ ਘਟਣ ਦੀ ਥਾਂ ਹੋਰ ਵਧੇਰੇ ਵੱਧ ਕੇ ਗੁੰਝਲਦਾਰ ਹੋ ਰਹੀਆਂ ਹਨ। ਇਸ ਮੌਕੇ ਮੁੰਡੇ ਨੂੰ ਤੇ ਕਈ ਵਾਰ ਤਾਂ ਉਹਦੇ ਮਾਂ-ਬਾਪ ਨੂੰ ਵੀ ਸੋਨੇ ਦੇ ਕੜੇ-ਮੁੰਦਰੀਆਂ ਪਾਏ ਜਾਂਦੇ ਹਨ। ਝੋਲੀ ਵਿਚ ਪੈਣ ਵਾਲੇ ਰੁਪਈਆਂ ਦੀ ਗਿਣਤੀ ਵਿਚ ਬੇ-ਮੇਚਾ ਵਾਧਾ ਹੋ ਗਿਆ ਹੈ। ਸਿੱਖਾਂ ਦਾ ਹਿੰਦੂਆਂ ਨਾਲੋਂ ਫਰਕ ਸਿਰਫ ਇਸ ਗੱਲ ਵਿਚ ਹੈ ਕਿ ਉਹ ਸਾਰਾ 'ਹਿਸਾਬ-ਕਿਤਾਬ' ਵੇਦ-ਰੀਤੀ ਦੀ ਥਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਹਜ਼ੂਰੀ ਵਿਚ ਕਰਦੇ ਹਨ। ਬਹੁਤੇ ਲੋਕ ਤਾਂ ਕੁੜਮਾਈ ਤੋਂ ਪਹਿਲਾਂ 'ਰੋਕ' ਜਾਂ ਠਾਕੇ ਦੀ ਰਸਮ ਵੀ ਕਰਨ ਲੱਗ ਪਏ ਹਨ। ਇਸ ਵੇਲੇ ਕਾਫੀ ਦੇਣ-ਲੈਣ ਹੁੰਦਾ ਵੇਖਣ ਵਿਚ ਆਇਆ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੈਣ-ਦੇਣ ਦੇ ਢਕਵੰਜ ਘਟਣ ਦੀ ਥਾਂ ਸਗੋਂ ਹੋਰ ਵੀ ਵਧ ਗਏ ਹਨ।

ਕੁੜਮਾਈ ਇਕ ਤਰ੍ਹਾਂ ਨਾਲ ਵਿਆਹ ਦਾ ਪੱਕ-ਠੱਕ ਹੁੰਦੀ ਹੈ। ਭਾਵੇਂ 'ਭਾਨੀ-ਮਾਰਾਂ' ਦੀ ਬਦੌਲਤ ਜਾਂ ਹੋਰ ਕਿਸੇ ਕਾਰਨ ਕਰਕੇ ਕੁਝ ਕੁੜਮਾਈਆਂ ਟੁੱਟਣ ਵੀ ਲੱਗ ਪਈਆਂ ਹਨ, ਪਰ ਹਾਲੇ ਵੀ ਪੰਜਾਬ ਵਿਚ ਕੁੜਮਾਈ ਤੋੜਨ ਜਾਂ ਕਿਸੇ ਹੋਰ ਦੀ ਮੰਗ ਵਿਆਹੁਣ ਦੇ ਕੰਮ ਨੂੰ ਕਾਫੀ ਮਾੜਾ ਹੀ ਗਿਣਿਆ ਜਾਂਦਾ ਹੈ।

ਬਹੁਤ ਸਾਰੇ ਹਿੰਦੂ ਪਰਿਵਾਰ ਕੁੜਮਾਈ ਵੇਲੇ ਮੁੰਡੇ ਕੁੜੀਆਂ ਦੀਆਂ ਕੁੰਡਲੀਆਂ ਵੀ ਮੇਲਕੇ ਵੇਖਦੇ ਹਨ। ਮੰਗਲੀਕ ਬੱਚੇ-ਬੱਚੀਆਂ ਦੀ ਸੂਰਤ ਵਿਚ, ਵਾਹ ਲਗਦੀ ਦੋਹਾਂ ਧਿਰਾਂ ਦਾ ਮੰਗਲੀਕ ਹੋਣਾ ਜ਼ਰੂਰੀ ਸਮਝਿਆ ਜਾਦਾ ਹੈ।

ਕੁੜਮਾਈ ਤੇ ਵਿਆਹ ਦੇ ਵਿਚਕਾਰ ਮੁੰਡੇ ਕੁੜੀ ਦੇ ਵਰ-ਪਰਵਾਨ ਆਯੂ ਤੀਕ ਅੱਪੜਨ ਦੀ ਸਥਿਤੀ ਨੂੰ ਮੁੱਖ ਰੱਖਕੇ ਲੋੜੀਂਦੀ ਵਿੱਥ ਪਾਈ ਜਾਂਦੀ ਹੈ। ਪੰਜਾਬ ਵਿਚ ਬਹੁਤੇ ਵਿਆਹ ਜੇਠ ਹਾੜ੍ਹ ਦੇ ਮਹੀਨੇ ਵਿਚ ਹੁੰਦੇ ਹਨ। ਰੁੱਤ ਦੇ ਲਿਹਾਜ ਨਾਲ ਭਾਵੇਂ ਇਹ ਮਹੀਨੇ ਬਹੁਤ ਸੁਖਾਵੇਂ ਨਹੀਂ ਹੁੰਦੇ ਪਰ ਇਨ੍ਹਾਂ ਦਿਨਾਂ ਵਿਚ ਕਿਸਾਨ ਆਪਣੀ ਹਾੜ੍ਹੀ ਦੀ ਫਸਲ ਸਾਂਭਣ ਮਗਰੋਂ ਮੁਕਾਬਲਤਨ ਵਿਹਲੇ ਹੁੰਦੇ ਹਨ ਤੇ ਉਹਨਾਂ ਨੇ ਆਪਣੀ ਹਾੜ੍ਹੀ ਦੀ ਮੁੱਖ ਫਸਲ, ਕਣਕ ਵੇਚ ਕੇ ਵਿਆਹ ਉਪਰ ਖਰਚਣ ਲਈ ਲੋੜੀਂਦੇ ਪੈਸੇ ਵੀ ਵੱਟੇ ਹੋਏ ਹੁੰਦੇ ਹਨ।

**ਸਾਹਾ**

ਧੀ ਵਾਲੇ ਆਪਣੇ ਘਰ ਪਾਂਧੇ ਨੂੰ ਸੱਦ ਕੇ ਗ੍ਰਹਿਆਂ ਦੀ ਗਤੀ ਅਨੁਸਾਰ ਵਿਆਹ ਲਈ ਉਚਿਤ ਦਿਨ ਨੀਅਤ ਕਰਵਾਉਂਦੇ ਹਨ। ਇਸ ਰਸਮ ਨੂੰ ਸਾਹਾ ਕਢਾਉਣਾ ਜਾਂ 'ਸਾਹਾ ਸੁਧਾਉਣਾ' ਕਿਹਾ ਜਾਂਦਾ ਹੈ। ਸਾਹਾ ਸਧਾਉਣ ਤੋਂ ਮਗਰੋਂ ਧੀ ਦੇ ਮਾਪੇ ਆਪਣੇ ਵੱਲੋਂ ਜਾਂ ਪਿੰਡ ਦੀ ਪੰਚਾਇਤ ਵਲੋਂ ਨਾਈ ਦੇ ਹੱਥ 'ਸਾਹੇ ਦੀ ਚਿੱਠੀ' ਭੇਜਦੇ ਹਲ। ਇਸ ਸ਼ਗਨਾਂ ਦੀ ਚਿੱਠੀ 'ਤੇ ਕੇਸਰੀ ਜਲ ਦੇ ਤਰੋਕੇ ਛਿੜਕੇ ਹੋਏ ਹੁੰਦੇ ਹਨ ਜਾਂ ਫਿਰ ਇਹ ਚਿੱਠੀ ਲਿਖੀ ਹੀ ਕੇਸਰੀ ਸਿਆਹੀ ਵਿਚ ਹੁੰਦੀ ਹੈ। ਨਾਈ ਆਪਣੀ ਹਾਜ਼ਰੀ ਵਿਚ ਇਹ ਚਿੱਠੀ ਘਰ ਵਾਲਿਆਂ ਨੂੰ ਪੜ੍ਹਾਉਂਦਾ ਹੈ ਤੇ ਆਪਣਾ ਲਾਗ ਲੈ ਕੇ ਪਰਤ ਆਉਂਦਾ ਹੈ। ਇਸ ਤਰ੍ਹਾਂ ਵਿਆਹ ਦਾ ਦਿਨ ਪੱਕਾ ਹੋ ਜਾਂਦਾ ਹੈ।

ਦੋਨੋਂ ਧਿਰਾਂ ਵਿਆਹ ਦੀ ਤਿਆਰੀ ਪੂਰੇ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੰਦੀਆਂ ਹਨ। ਮੁੰਡੇ ਵਾਲੇ ਵਰੀ ਤੇ ਗਹਿਣੇ ਆਦਿ ਬਣਾਉਣ ਵਿਚ ਰੁਝ ਜਾਂਦੇ ਹਲ ਤੇ ਕੁੜੀ ਵਾਲੇ ਖੱਟ ਤਿਆਰ ਕਰਨ ਤੇ ਜੰਞ ਤੇ ਮੇਲੀਆਂ ਦੀ ਆਓ ਭਗਤ ਲਈ ਲੋੜੀਂਦੀ ਸਮੱਗਰੀ ਖਰੀਦਣ ਵਿਚ ਮਸ਼ਰੂਫ ਹੋ ਜਾਂਦੇ ਹਨ। ਦੋਹਾਂ ਧਿਰਾਂ ਵਲੋਂ ਆਪੋ ਆਪਣੀ ਸਾਕ-ਸਰੀਕੀ ਤੇ ਹੋਰ ਮਿਲਣ ਵਰਤਣ ਵਾਲਿਆਂ ਵਿਚਕਾਰ ਮਿਠਾਈ ਦੀ 'ਗੰਢ' ਭੇਜ ਕੇ ਵਿਆਹ ਦੀ ਖਬਰ ਕੀਤੀ ਜਾਂਦੀ ਹੈ। ਅੱਜ ਕੱਲ੍ਹ ਇਹ ਕੰਮ ਛਪੇ ਹੋਏ ਕਾਰਡ ਡਾਕ ਰਾਹੀਂ ਭੇਜ ਕੇ ਜਾਂ ਟੈਲੀਫੋਨ ਰਾਹੀਂ ਵੀ ਪੂਰਾ ਕਰ ਲਿਆ ਜਾਂਦਾ ਹੈ। ਬਹੁਤ ਨੇੜੇ ਦੇ ਬੰਦਿਆਂ ਨੂੰ ਇਹ ਸੁਨੇਹਾ ਜਾਤੀ ਤੌਰ 'ਤੇ ਜਾ ਕੇ ਵੀ ਦਿੱਤਾ ਜਾਂਦਾ ਹੈ।

ਸਾਹਾ ਬੱਝਣ ਮਗਰੋਂ ਵਿਆਹੰਦੜ ਮੁੰਡੇ ਕੁੜੀ ਨੂੰ ਕੁਝ ਜ਼ਰੂਰੀ ਬੰਧੇਜ ਪਾਲਣੇ ਪੈਂਦੇ ਹਨ। ਸਾਹੇ-ਬੱਝੇ ਗੱਭਰੂ-ਮੁਟਿਆਰਾਂ ਲਈ ਪਿੰਡਾਂ ਦਾ ਵਸੀਮਾਂ ਟੱਪਣਾ ਮਨ੍ਹਾ ਹੁੰਦਾ ਹੈ।

ਵਿਆਹ ਦੀ ਤਿਆਰੀ ਵਿਚ 'ਸੱਤ ਸੁਹਾਗਣਾਂ' ਦੀ ਰਸਮ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਆਂਢੋਂ-ਗੁਆਂਢੋਂ ਸੱਤ-ਸੁਹਾਗਣਾਂ ਕੱਠੀਆਂ ਹੋ ਕੇ ਚੱਕੀਆਂ ਝੋਂਦੀਆ ਹਨ ਤੇ ਸੱਤ ਸੱਤ ਗੱਲੇ ਦਾਣਿਆਂ ਦੇ ਪੀਹਣ ਦੀ ਰਸਮ ਅਦਾ ਕਰਦੀਆਂ

ਹਨ। ਇਹ ਰਸਮ ਵਿਆਹ ਦੇ ਕਾਰਜ ਵਿਚ ਆਂਢੀਆਂ-ਗੁਆਂਢੀਆਂ ਤੇ ਸਰੀਕੇ ਭਾਈਚਾਰੇ ਦੇ ਸਹਿਯੋਗ ਦਾ ਪ੍ਰਤੀਕ ਹੈ। ਇਹ ਸੱਤੇ ਸੁਹਾਗਣਾਂ ਧੀ ਵਾਲਿਆਂ ਦੀ ਕੋਠੀ ਵਿਚ ਸੱਤ-ਸੱਤ ਮੁੱਠਾਂ ਆਟੇ ਦੀਆਂ ਪਾਉਂਦੀਆਂ ਹਨ।

ਇਸ ਰਸਮ ਨੂੰ 'ਕੋਠੀ ਆਟਾ ਪਾਉਣਾ' ਕਿਹਾ ਜਾਦਾ ਹੈ। ਇਸ ਦਿਨ ਕਣਕ ਦੀਆਂ ਬੱਕਲੀਆਂ ਵਿਚ ਸ਼ੱਕਰ ਪਾ ਕੇ ਵੰਡਣ ਦਾ ਰਿਵਾਜ ਹੈ। ਇਸ ਦਿਨ ਤੋਂ ਮਗਰੋਂ ਵਿਆਹ ਲਈ ਲੋੜੀਂਦੀ ਰਸਦ ਤਿਆਰ ਕਰਨ ਦਾ ਕੰਮ ਪੂਰੇ ਜ਼ੋਰਾਂ ਨਾਲ ਸ਼ੁਰੂ ਹੋ ਜਾਂਦਾ ਹੈ। ਮੁੰਡੇ ਤੇ ਕੁੜੀ ਵਾਲਿਆਂ ਦੇ ਘਰੀਂ 'ਗੌਣ ਬਿਠਾਉਣ' ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਕੁੜੀ ਵਾਲਿਆਂ ਦੇ ਘਰੀਂ 'ਸੁਹਾਗ' ਗਾਏ ਜਾਂਦੇ ਹਨ ਤੇ ਮੁੰਡੇ ਵਾਲਿਆਂ ਦੇ ਘਰ 'ਘੋੜੀਆਂ' ਦੇ ਗੀਤਾਂ ਦੀ ਗੂੰਜਾਰ ਸ਼ੁਰੂ ਹੋ ਜਾਂਦੀ ਹੈ। ਵਿਆਹ ਤੋਂ ਦੋ ਤਿੰਨ ਦਿਨ ਪਹਿਲਾਂ 'ਕੜਾਹੀ ਚੜ੍ਹਾਉਣ' ਦੀ ਰਸਮ ਸ਼ੁਰੂ ਹੋ ਜਾਂਦੀ ਹੈ। ਗੋਗਲੇ, ਪਕੌੜੇ, ਲੱਡੂ ਤੇ ਸ਼ੀਰਨੀ ਆਦਿ ਹੋਰ ਪਕਵਾਨ ਪੱਕਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹੀਂ ਦਿਨੀਂ ਸਰਬਾਹਲਾ ਤੇ ਸਰਬਾਹਲੀ ਕ੍ਰਮਵਾਰ ਮੁੰਡੇ ਕੁੜੀ ਦੇ ਅੰਗ-ਸੰਗ ਰਹਿੰਦੇ ਹਨ ਪਰ ਹੁਣ ਇਹ ਰਸਮਾਂ ਦਿਨੋ-ਦਿਨ ਘਟ ਰਹੀਆਂ ਹਨ ਤੇ ਇਨ੍ਹਾਂ ਦੀ ਥਾਂ 'ਮੈਰਿਜ਼ ਪੈਲੇਸ ਕਲਚਰ' ਲੈ ਰਿਹਾ ਹੈ।

**ਮਾਈਆ**

ਵਿਆਹ ਤੋਂ ਤਿੰਨ ਕੁ ਦਿਨ ਪਹਿਲਾਂ 'ਮਾਈਆ' ਦੀ ਰਸਮ ਸ਼ੁਰੂ ਹੁੰਦੀ ਹੈ। ਦੋਨੀਂ ਪਾਸੀਂ ਬੜੇ ਚਾਅ-ਮਲ੍ਹਾਰ ਨਾਲ ਆਰ੍ਹੀ ਚੰਦੋਏ ਤਾਣ ਕੇ ਗੀਤਾਂ ਦੀ ਛਹਿਬਰ ਵਿਚ ਵਿਆਹੰਦੜਾਂ ਨੂੰ ਵੱਟਣਾ ਮਲਿਆ ਜਾਂਦਾ ਹੈ। ਇਨ੍ਹੀਂ ਦਿਨੀਂ ਕੁਝ ਤਾਂ ਵਿਆਹ ਦੇ ਚਾਅ ਨਾਲ ਤੇ ਕੁਝ ਤੇਲ-ਗੁੱਧੇ ਵੇਸਣ ਦਾ ਵੱਟਣਾ ਮਾਲਣ ਕਾਰਨ ਕੁੰਡੇ ਕੁੜੀ ਦੇ ਰੰਗ ਰੂਪ 'ਤੇ ਖਾਸ ਕਿਸਮ ਦਾ ਨਿਖਾਰ ਆ ਜਾਂਦਾ ਹੈ। ਵਿਆਹ ਤੋਂ ਪਹਿਲੇ ਦਿਨ ਦੀਆਂ ਤ੍ਰਿਕਾਲਾਂ ਵੇਲੇ ਕੁੜੀ ਨੂੰ ਮਹਿੰਦੀ ਲਾਈ ਜਾਂਦੀ ਹੈ।

ਮਾਮੇ ਵੱਲੋਂ ਸੌਤ ਜਾਂ ਸਾਂਤ ਦੀ ਰਸਮ ਅਦਾ ਕੀਤੀ ਜਾਂਦੀ ਹੈ। ਨਾਨਕਿਆਂ ਵਲੋਂ ਕੁੜੀ ਨੂੰ ਸੁੱਭਰ ਤੇ ਕਲੀਰੇ ਠੂਠੀਆਂ ਪਹਿਨਾਏ ਜਾਂਦੇ ਹਨ। ਮੁੰਡੇ ਕੁੜੀ ਤੇ ਉਨ੍ਹਾਂ ਦੀਆਂ ਮਾਵਾਂ ਨੇ ਲਗਨ ਵੇਲੇ ਇਸ ਅਵਸਰ ਲਈ ਨਾਨਕਿਆਂ ਵਲੋਂ ਲਿਆਂਦੇ ਖਾਸ ਕੱਪੜੇ ਹੀ ਪਹਿਨੇ ਹੋਏ ਹੁੰਦੇ ਹਨ।

**ਸਿਹਰਾ**

ਮੁੰਡੇ ਵਾਲਿਆਂ ਦੇ ਘਰ 'ਸਿਹਰਾ ਬੰਦੀ' ਦੀ ਰਸਮ ਹੁੰਦੀ ਹੈ ਤੇ ਮਗਰੋਂ 'ਘੋੜੀ' ਦੀ। ਇਸ ਸਮੇਂ 'ਘੋੜੀ' ਤੇ ਚੜ੍ਹਿਆ ਲਾੜਾ ਆਪਣੀ ਪੂਰੀ ਸਜ-ਧਜ ਨਾਲ ਜਠੇਰਿਆਂ ਤੇ ਹੋਰ ਪੂਜਾ ਸਥਾਨਾਂ 'ਤੇ ਬੈਂਡ ਵਾਜਿਆਂ ਨਾਲ ਮੱਥਾ-ਟਿਕਾਈ' ਲਈ ਜਾਂਦਾ ਹੈ। ਜੰਞ ਦੀ ਚੜ੍ਹਾਈ ਵੇਖਣ ਵਾਲੀ ਹੁੰਦੀ ਹੈ। ਅੱਗੇ ਅੱਗੇ ਵਾਜੇ ਵੱਜਦੇ ਹਨ ਮਗਰ ਵਿਆਹੰਦੜ ਮੁੰਡੇ ਦੀ ਘੋੜੀ ਦੀ ਵਾਰਾ ਫੜੀਂ ਉਹਦੀਆਂ ਭੈਣਾਂ ਤੇ ਹੋਰ ਮੇਲਣਾਂ ਆਦਿ ਦਾ ਚਾਅ ਠੱਲ੍ਹਿਆ ਨਹੀਂ ਜਾਦਾ। ਤੁਰਨ ਵੇਲੇ ਮੁੰਡਾ ਆਪਣੀਆਂ ਭੈਣਾਂ ਨੂੰ 'ਵਾਗ ਫੜਾਈ' ਦੇ ਸ਼ਗਨ ਵਜੋਂ ਪੈਸੇ ਦਿੰਦਾ ਹੈ ਤੇ ਮਿੱਠੀਆਂ ਮਿੱਠੀਆਂ ਮਸ਼ਕਰੀਆਂ ਦੇ ਮਾਹੌਲ ਵਿਚ ਭਰਜਾਈ ਲਾੜੇ ਦੇ ਅੱਖੀਂ ਸੁਰਮਚੂ ਫੇਰ ਕੇ 'ਸੁਰਮਾ ਪੁਆਈ' ਵਸੂਲ ਕਰਦੀ ਹੈ। ਪੁਰਾਣੇ ਸਮਿਆਂ ਵਿਚ ਜਨੇਤ ਨੂੰ ਲਿਜਾਣ ਵਾਲੇ ਗੱਡੇ-ਗੱਡੀਆਂ ਤੇ ਰੱਥਾਂ ਅੱਗੇ ਜੁੜੇ ਸੁੰਦਰ ਸਜੀਲੇ ਬਲਦਾਂ ਦੀ ਸ਼ਾਨ ਵੇਖਣ ਵਾਲੀ ਹੁੰਦੀ ਸੀ। ਅੱਜ ਕੱਲ੍ਹ ਤਾਂ ਆਵਾਜਾਈ ਦੇ ਵਧੇਰੇ ਸੁਵਿਧਾਜਨਕ ਤੇ ਤੇਜ਼ ਰਫ਼ਤਾਰ ਵਾਲੇ ਸਾਧਨ ਪ੍ਰਚੱਲਿਤ ਹੋ ਗਏ ਹਨ।

ਸ਼ਾਮ ਵੇਲੇ ਜਾਂ ਕਈ ਵਾਰੀ ਘੁਮਮੁਸਾ ਜੇਹੇ ਹੋਏ ਕੁੜੀ ਵਾਲਿਆਂ ਦੇ ਪਿੰਡ ਜੰਞ ਦਾ ਢੁਕਾਅ ਹੁੰਦਾ ਸੀ। ਲਗਭਗ ਸਾਰਾ ਹੀ ਪਿੰਡ ਜਨੇਤ ਦੇਖਣ ਲਈ ਢੁੱਕਾ ਹੁੰਦਾ ਸੀ। ਇਸ ਵੇਲੇ ਬੈਂਡ ਬਾਜੇ ਦੀ ਵਿਸ਼ੇਸ਼ ਧੁਨੀ ਨਾਲ ਵਡੇਰਿਆਂ ਦੀ ਮਿਲਣੀ ਦਾ ਠੱਠ ਬੱਝਦਾ ਸੀ।

ਹਿੰਦੂਆਂ ਵਿਚ ਲਗਨ ਦਾ ਮਹੂਰਤ ਰਾਤ ਦਾ ਹੁੰਦਾ ਹੈ। ਫੇਰੇ ਤਾਰਿਆਂ ਦੀ ਛਾਵੇਂ ਹੋਣੇ ਜ਼ਰੂਰੀ ਸਮਝੇ ਜਾਂਦੇ ਹਨ। ਘਰ ਵਿਚ ਹੀ ਕਿਸੇ ਗੁੱਠੇ ਚਾਰ ਬਾਂਸ ਗੱਡ ਕੇ ਵੇਦੀ ਰਚਾ ਲਈ ਜਾਂਦੀ ਹੈ। ਕੁਲ-ਪਰੋਹਿਤ ਆਟੇ ਨਾਲ ਚੌਂਕ ਪੂਰਦਾ ਹੈ। ਵਰ ਤੇ ਕੰਨਿਆ ਨੂੰ ਚੌਂਕ ਦੇ ਕੋਲ ਪੂਰਬ ਦਿਸ਼ਾ ਵੱਲ ਮੂੰਹ ਕਰਕੇ ਖਾਰਿਆਂ 'ਤੇ ਬਿਠਾ ਦਿੱਤਾ ਜਾਂਦਾ ਹੈ। ਫੇਰਿਆਂ ਤੋਂ ਪਹਿਲਾਂ ਬ੍ਰਾਹਮਣ ਹਵਨ ਕਰਦਾ ਹੈ। ਦੋਹਾਂ ਧਿਰਾਂ ਦੇ ਕੁਲ-ਪਰੋਹਿਤ ਆਪਣੀ ਧਿਰ ਦਾ ਗੋਤ੍ਰਾਚਾਰ ਪੜ੍ਹਦੇ ਹਨ। ਇਸ ਪਿੱਛੋਂ ਕੰਨਿਆ-ਦਾਨ ਦੀ ਰੀਤ ਕੀਤੀ ਜਾਂਦੀ ਹੈ। ਕੰਨਿਆ ਦਾ ਪਿਓ ਮੰਤਰਾਂ ਦਾ ਉਚਾਰਨ ਕਰਦਿਆਂ ਕੰਨਿਆ ਦਾ ਹੱਥ ਵਰ ਦੇ ਹੱਥਾਂ ਵਿਚ ਫੜਾਉਂਦਾ ਹੈ। ਫਿਰ ਵਰ ਤੇ ਕੰਨਿਅ ਅੱਗੇ ਪਿੱਛੇ ਹੋ ਕੇ ਅਗਨੀ ਦੁਆਲੇ ਫੇਰੇ ਲੈਂਦੇ ਹਨ। ਕਿਧਰੇ

ਚਾਰ ਫੇਰਿਆਂ ਦੀ ਪ੍ਰਥਾ ਹੈ ਤੇ ਕਿਧਰੇ ਸੱਤਾਂ ਦੀ। ਕੁਝ ਫੇਰਿਆਂ ਵਿਚ ਵਰ ਅੱਗੇ ਹੁੰਦਾ ਹੈ ਤੇ ਕੁਝ ਵਿਚ ਕੰਨਿਆ। ਫੇਰਿਆਂ ਪਿਛੋਂ ਕੁੜੀ ਦਾ ਮਾਮਾ ਕੁੜੀ ਨੂੰ ਖਾਰਿਆਂ ਤੋਂ ਚੁੱਕ ਕੇ ਅੰਦਰ ਲੈ ਜਾਂਦਾ ਹੈ।

**ਫੇਰੇ**

ਸਿੱਖਾਂ ਵਿਚ ਪਹਿਲਾਂ ਸਨਾਤਨੀ ਢੰਗ ਨਾਲ ਵੇਦੀ ਦੁਆਲੇ ਫੇਰੇ ਲਏ ਜਾਣ ਦੀ ਪ੍ਰਥਾ ਸੀ। ਪਰ ਸਿੰਘ ਸਭਾ ਲਹਿਰ ਵੇਲੇ ਆਨੰਦ-ਕਾਰਜ ਦੀ ਰੀਤ ਪ੍ਰਚੱਲਿਤ ਹੋ ਗਈ। ਸਿੱਖਾਂ ਵਿਚ ਫੇਰੇ ਅੰਮ੍ਰਿਤ ਵੇਲੇ ਹੁੰਦੇ ਹਨ। ਵਰ ਤੇ ਕੰਨਿਆ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਜਾਂਦੇ ਹਨ। 'ਆਸਾ ਦੀ ਵਾਰ' ਦੇ ਕੀਰਤਨ ਪਿਛੋਂ ਰਾਗੀ 'ਪੱਲੇ ਮੈਂ ਤੈਂਡੇ ਲਾਗੀ' ਦਾ ਸ਼ਬਦ ਪੜ੍ਹਦੇ ਹਨ ਤੇ ਕੰਨਿਆ ਦਾ ਪਿਉ ਕੰਨਿਆ ਦਾ ਪੱਲਾ ਵਰ ਦੇ ਹੱਥ ਫੜਾਉਂਦਾ। ਇਹੋ ਕੰਨਿਆ-ਦਾਨ ਹੈ। ਇਸ ਪਿੱਛੋਂ ਗ੍ਰੰਥੀ, ਗੁਰੂ ਗ੍ਰੰਥ ਸਾਹਿਬ ਵਿਚੋਂ ਪਹਿਲੀ ਲਾਂਵ ਦਾ ਪਾਠ ਕਰਦਾ ਹੈ। ਫਿਰ ਲਾਵ ਦੇ ਪਾਠ ਨੂੰ ਕੀਰਤਨੀਏ ਗਾ ਕੇ ਪੜ੍ਹਦੇ ਹਨ ਤੇ ਇਸ ਵਕਫੇ ਵਿਚ ਵਰ ਤੇ ਕੰਨਿਆ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਪੂਰੀ ਕਰਦੇ ਹਨ। ਇਸੇ ਤਰ੍ਹਾਂ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ ਤੇ ਹਰ ਵਾਰ ਵਰ ਤੇ ਕੰਨਿਆ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਪੂਰੀ ਕਰਦੇ ਹਨ। ਇਸੇ ਤਰ੍ਹਾਂ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ ਤੇ ਹਰ ਵਾਰ ਵਰ ਤੇ ਕੰਨਿਆ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਕਰਦੇ ਹਨ - ਤੇ ਹਜ਼ੂਰੀ ਵਿਚ ਮੱਥਾ ਟੇਕਦੇ ਹਨ।

ਲਾਵਾਂ ਤੋਂ ਮਗਰੋਂ ਕੁੜੀ ਵਾਲਿਆਂ ਵੱਲੋ਼ ਸਿੱਖਿਆ ਤੇ ਮੁੰਡੇ ਵਾਲਿਆਂ ਵੱਲੋਂ ਸਿਹਰਾ ਪੜ੍ਹਨ ਦਾ ਵੀ ਰਿਵਾਜ ਹੈ। ਇਸ ਦੌਰਾਨ ਦੋਹਾਂ ਧਿਰਾਂ ਦੇ ਲੋਕ ਮੁੰਡੇ-ਕੁੜੀ ਦੀ ਝੋਲੀ ਵਿਚ ਆਪੋ ਆਪਣੀ ਵਿਤ ਅਨੁਸਾਰ ਸ਼ਗਨ ਪਾਉਂਦੇ ਹਨ।

ਇਸ ਦਿਨ ਦੁਪਹਿਰ ਵੇਲੇ ਜਨੇਤ ਦੀ ਰੋਟੀ ਕੁੜੀ ਦੇ ਨਾਨਕਿਆਂ ਵੱਲੋ਼ ਹੁੰਦੀ ਹੈ। ਇਸ ਨੂੰ 'ਧਾਮ ਦੇਣਾ' ਆਖਦੇ ਹਨ।

ਕੁਝ ਥਾਈਂ 'ਜੰਞ ਬੰਨ੍ਹਣ' ਦਾ ਰਿਵਾਜ ਵੀ ਪਾਇਆ ਜਾਂਦਾ ਹੈ। ਇਹ ਰਿਵਾਜ ਦੁਆਬੇ, ਮਾਝੇ ਜਾਂ ਪੋਠੋਹਾਰ ਦੇ ਇਲਾਕੇ ਵੱਲ ਨਹੀਂ, ਕੇਵਲ ਮਾਲਵੇ ਵਿਚ ਹੀ ਇਸ ਦਾ ਜ਼ੋਰ ਰਿਹਾ ਹੈ, ਖਾਸ ਕਰਕੇ ਬਠਿੰਡੇ ਤੇ ਫਿਰੋਜ਼ਪੁਰ ਦੇ ਇਲਾਕੇ ਵੱਲ। ਧੇਤਿਆਂ ਵੱਲੋਂ ਕਿਸੇ 'ਛੰਦ' ਦੁਆਰਾ ਬੱਝੀ ਜੰਞ ਨੂੰ ਪੁਤੇਤਿਆਂ ਵੱਲੋਂ ਮੋੜਵੇਂ ਛੰਦ ਦੁਆਰਾ 'ਖੋਲ੍ਹਣ' ਮਗਰੋਂ ਹੀ ਰੋਟੀ ਖਾਣ ਦਾ ਰਿਵਾਜ ਹੈ।

ਦੁਪਹਿਰ ਦੇ ਵੇਲੇ ਕੁੜੀਆਂ ਤੇਜ਼ ਤਰਾਰ ਸਿੱਠਣੀਆਂ ਗਾ ਕੇ ਲਾੜੇ, ਕੁੜਮ, ਕੁੜਮਣੀਆਂ ਤੇ ਉਨ੍ਹਾਂ ਦੇ ਸਾਕ ਸੰਬੰਧੀਆਂ ਦੀ ਖੂਬ ਖਬਰ ਲੈਂਦੀਆਂ ਹਨ।

**ਖੱਟ :**

ਦੁਪਹਿਰ ਦੀ ਰੋਟੀ ਮਗਰੋਂ 'ਖੱਟ' ਤੇ ਵਰੀ ਦਿਖਾਈ ਦੀਆਂ ਰਸਮਾਂ ਹੁੰਦੀਆਂ ਹਨ। ਅੱਜ ਕੱਲ੍ਹ 'ਵਖਾਲਾ ਪਾਉਣ' ਨੂੰ ਤਾਂ ਚੰਗਾ ਨਹੀਂ ਸਮਝਿਆ ਜਾਂਦਾ ਪਰ ਸਾਰਾ ਲੈਣ-ਦੇਣ ਅੰਦਰ ਖਾਤੇ ਕਰ ਲਿਆ ਜਾਂਦਾ ਹੈ।

ਪਜਾਂਬ ਵਿਚ ਕੁੜੀ ਦੀ 'ਵਿਦਾਈ' ਦੀ ਰਸਮ ਬੜੀ ਹਿਰਦੇ-ਵੇਧਕ ਹੁੰਦੀ ਹੈ। ਇਸ ਵਿਛੋੜੇ ਦੀ ਘੜੀ ਵੇਲੇ ਸ਼ਾਇਦ ਹੀ ਕੋਈ ਅੱਖ ਅਜਿਹੀ ਹੋਵੇ ਜੋ ਤਰ ਨਾ ਹੁੰਦੀ ਹੋਵੇ। ਸਭ ਸ਼ਗਨ ਪੂਰੇ ਕਰਕੇ ਰੋਂਦੀ-ਧੋਂਦੀ ਕੁੜੀ ਨੂੰ ਡੋਲੀ ਚਾੜ੍ਹ ਦਿੱਤਾ ਜਾਂਦਾ ਹੈ।

ਮੁੰਡੇ ਦਾ ਪਿਓ ਡੋਲੀ ਉਪਰ ਦੀ ਹੁੱਬ ਹੁੱਬ ਕੇ ਪੈਸਿਆਂ ਦੀ ਸੋਟ ਕਰਦਾ ਹੈ ਤੇ ਲਾਗੀਆਂ ਨੂੰ ਲਾਗ ਵਿਹਾਰ ਦੇਣ ਦਾ ਫਰਜ਼ ਪੂਰਦਾ ਹੈ। ਇੰਜ ਬਰਾਤੀ ਵਿਦਾ ਹੋ ਜਾਂਦੇ ਹਨ। ਕੁੜੀ ਵਾਲੇ ਆਪਣੇ ਆਪ ਨੂੰ ਆਪਣੀ ਜ਼ਿੰਮੇਵਾਰੀ ਦੇ ਭਾਰ ਤੋਂ ਤਾਂ ਸੁਰਖਰੂ ਮਹਿਸੂਸ ਕਰਦੇ ਹਨ ਪਰ ਵਿਛੋੜੇ ਦੇ ਦੁੱਖ ਵਿਚ ਉਨ੍ਹਾਂ ਦੇ ਚਿਹਰੇ ਸੋਗਵਾਰ ਹੁੰਦੇ ਹਨ।

**ਮੂੰਹ ਵਿਖਾਈ**

ਉਧਰ ਮੁੰਡੇ ਵਾਲਿਆਂ ਵੱਲ ਖੁਸ਼ੀਆਂ ਦੀ ਛਹਿਬਰ ਹੁੰਦੀ ਹੈ ਗੀਤ ਗਾਉਂਦੀਆਂ ਕੁੜੀਆਂ ਨਵ-ਵਿਆਹੁਤਾ ਨੂੰ ਬੜੇ ਚਾਅ ਮਲ੍ਹਾਰਾਂ ਨਾਲ ਘਰ ਲੈ ਕੇ ਜਾਂਦੀਆਂ ਹਨ। ਮਾਂ ਉਨ੍ਹਾਂ ਦੇ ਸਿਰਾਂ ਤੋਂ ਪਾਣੀ ਵਾਰਦੀ ਹੈ ਦਿਓਰ ਤੇ ਹੋਰਾਂ ਨੂੰ 'ਮੂੰਹ-ਦਿਖਾਈ' ਦਾ ਚਾਅ ਹੁੰਦਾ ਹੈ ਅਗਲੇ ਦਿਨ ਕੁੜੀ ਦੀ 'ਗੋਦ ਭਰਾਈ' ਦੀ ਰਸਮ ਅਦਾ ਕੀਤੀ ਜਾਂਦੀ ਹੈ। 'ਕੰਗਣੇ ਖੋਲ੍ਹਣੇ', 'ਗੋਤ ਕਨਾਲੇ' ਤੇ ਛੂਛਕਾਂ ਖੋਲ੍ਹਣ ਦੀਆਂ ਰੀਤਾਂ ਦੁਆਰਾ ਮੁੰਡੇ ਤੇ ਕੁੜੀ ਦੀ ਸੰਗ ਲਾਹੀ ਜਾਂਦੀ ਹੈ। ਅਗਲੀ ਭਲਕ ਜਠੇਰੀ ਮੱਥੇ ਟਿਕਾ ਕੇ ਮੁੰਡੇ ਕੁੜੀ ਨੂੰ ਪੇਕਿਆਂ ਦੇ ਪਿੰਡ 'ਫੇਰਾ ਪਾਉਣ' ਲਈ ਭੇਜ ਦਿੱਤਾ ਜਾਂਦਾ ਹੈ।

ਪਹਿਲੇ ਸਮਿਆਂ ਵਿਚ ਮੁੰਡੇ ਕੁੜੀਆਂ ਦਾ ਵਿਆਹ ਮੁਕਾਬਲਤਨ ਛੋਟੀ ਉਮਰੇ ਕਰ ਦਿੱਤਾ ਜਾਂਦਾ ਸੀ। ਇਸ

ਲਈ ਵਿਆਹ ਤੋਂ ਕਾਫੀ ਸਮਾਂ ਮਗਰੋਂ ਜਦੋਂ ਮੁੰਡੇ ਕੁੜੀ ਨੂੰ ਗ੍ਰਹਿਸਥ ਧਰਮ ਨਿਭਾਉਣ ਦੇ ਯੋਗ ਹੋਏ ਸਮਝਿਆ ਜਾਂਦਾ ਸੀ ਤਾਂ ਕੁੜੀ ਨੂੰ ਮੁਕਲਾਵੇ ਤੋਰਿਆ ਜਾਂਦਾ ਸੀ। ਤੀਜੀ ਵਾਰ ਕੁੜੀ ਦੇ ਸਹੁਰੀਂ ਜਾਣ ਨੂੰ ਤਰੌਜਾ ਕਿਹਾ ਜਾਂਦਾ ਸੀ। ਤਰੌਜੇ ਦੇ ਮਗਰੋਂ ਹੀ ਕੁੜੀ ਆਪਣੇ ਸਹੁਰੀਂ ਬਕਾਇਦਾ ਵਸਣਾ ਸ਼ੁਰੂ ਕਰਦੀ ਸੀ। ਅੱਜ ਕੱਲ੍ਹ ਬਾਲ-ਵਿਆਹ ਦਾ ਰਿਵਾਜ ਮੁੱਕ ਜਾਣ ਕਾਰਨ ਵਿਆਹ-ਮੁਕਲਾਵਾ ਇਕੱਠਾ ਹੀ ਹੋ ਜਾਂਦਾ ਹੈ। ਦਰਮਿਆਨ ਵਿਚ ਐਵੇਂ ਨਾਂ-ਮਾਤਰ ਹੀ ਕੁੜੀ ਦੀ ਆਪਣੇ ਪੇਕੀਂ 'ਫੇਰਾ-ਪੁਆਈ' ਦੀ ਰਸਮ ਕੀਤੀ ਜਾਂਦੀ ਹੈ। ਤਰੌਜੇ ਦਾ ਤਾਂ ਹੁਣ ਦੇ ਯੁਵਾ-ਯੁਵਤੀਆਂ ਨੂੰ ਸ਼ਾਇਦ ਚਿੱਤ-ਚੇਤਾ ਹੀ ਨਾ ਰਿਹਾ ਹੋਵੇ। ਪੰਜਾਬ ਵਿਚ ਵਿਰਲੇ-ਟਾਂਵੇ ਵੱਟੇ ਦੇ ਜਾਂ ਮੁੱਲ ਦੇ ਵਿਆਹ ਹੀ ਹੁੰਦੇ ਰਹੇ ਹਨ। ਤਲਾਕ ਪੰਜਾਬੀ ਰਹੁ-ਰੀਤਾਂ ਅਨੁਸਾਰ ਵਰਜਿਤ ਹੈ। ਬ੍ਰਾਮਹਣ ਖੱਤਰੀਆਂ ਵਿਚ ਵਿਧਵਾ ਵਿਆਹ ਦੀ ਪਿਰਤ ਨਾ ਹੋਣ ਦੇ ਬਰਾਬਰ ਹੀ ਹੈ। ਪਰ ਜੱਟਾਂ ਵਿਚ ਵਿਧਵਾ ਨਾਲ ਉਹਦੇ ਦਿਓਰ ਜਾਂ ਜੇਠ ਦੁਆਰਾ 'ਕਰੇਵਾ ਜਾਂ ਚਾਦਰ ਪਾ ਕੇ' ਘਰ ਵਸਾਉਣ ਦਾ ਰਿਵਾਜ ਆਮ ਹੈ।

### ਮਰਨ ਸਮੇਂ ਦੀਆਂ ਰਸਮਾਂ

ਪੰਜਾਬ ਵਿਚ ਭਾਵੇਂ ਇਹ ਅਖਾਉਤਾਂ ਆਮ ਪ੍ਰਚੱਲਤ ਹਨ ਕਿ 'ਜਾਨ ਹਰੇਕ ਨੂੰ ਪਿਆਰੀ ਹੁੰਦੀ ਹੈ' ਜਾਂ 'ਜਾਨ ਸੁਖ ਜਹਾਨ ਸੁਖ' ਪਰੰਤੂ ਇਸਦੇ ਨਾਲ ਹੀ ਪੰਜਾਬੀ ਜਨ-ਚੇਤਨਾ ਵਿਚ ਇਹ ਗੱਲ ਵੀ ਡੂੰਘੇ ਤੌਰ 'ਤੇ ਵਸੀ ਹੋਈ ਹੈ ਕਿ 'ਮਰਨਾ ਸੱਤ ਤੇ ਜਿਊਣਾ ਝੂਠ'। 'ਕਾਲ ਦੇ ਹੱਥ ਕਮਾਨ ਬੁੱਢਾ ਛੱਡੇ ਨਾ ਜੁਆਨ' ਅਤੇ 'ਦਮਾਂ ਦਾ ਕੀ ਵਸਾਹ, ਸਾਹ ਆਵੇ ਕਿ ਨਾ ਆਵੇ'। ਜਨਮ ਤੇ ਵਿਆਹ ਵੇਲੇ ਵਾਂਗ ਮੌਤ ਸਮੇਂ ਵੀ ਅਨੇਕਾਂ ਰਸਮਾਂ ਦਾ ਪਾਲਣ ਕੀਤਾ ਜਾਂਦਾ ਹੈ।

ਪਿੰਡ ਵਿਚ ਪਹਿਲਾਂ ਡਾਕਟਰੀ ਸਹੂਲਤਾਂ ਦੀ ਲਗਭਗ ਅਣਹੋਂਦ ਹੀ ਹੁੰਦੀ ਸੀ। ਇਸ ਲਈ ਬਹੁਤੇ ਲੋਕ ਹਸਪਤਾਲਾਂ ਦੀ ਥਾਂ ਘਰਾਂ ਵਿਚ ਹੀ ਆਪਣੇ ਅੰਤਿਮ ਸਵਾਸ ਪੂਰੇ ਕਰਦੇ ਸਨ। ਲੰਮੇ ਸਮੇਂ ਦੇ ਰੋਗੀ ਦੇ ਪੈਰਾਂ 'ਤੇ ਬਹੁਤੀ ਸੋਜਿਸ਼ ਆ ਜਾਣ ਅਤੇ ਘੰਡ ਵਿਚ ਰੁਕ ਰੁਕ ਕੇ ਸਾਹ ਆਉਣ ਅਰਥਾਤ ਘੰਡ ਜਾਂ ਘੋਰੜੂ ਵੱਜਣ ਨੂੰ ਆ ਰਹੀ ਮੌਤ ਦਾ ਆਖਰੀ ਸੰਕੇਤ ਸਮਝ ਲਿਆ ਜਾਂਦਾ ਸੀ। ਅਜੇਹੇ ਸੰਕੇਤ ਮਿਲਣ ਸਾਰ ਹੀ ਮਰਨ ਕਿਨਾਰੇ ਪੁੱਜੇ ਰੋਗੀ ਨੂੰ ਭੁੰਜੇ ਲਾਹ ਲਿਆ ਜਾਂਦਾ ਹੈ। ਲੋਕਾਂ ਵਿਚ ਇਹ ਵਿਸ਼ਵਾਸ ਆਮ ਪਾਇਆ ਜਾਂਦਾ ਹੈ ਕਿ ਜਿਸ ਜੀਵ ਦੇ ਮੰਜੇ 'ਤੇ ਪਏ ਪਏ ਪ੍ਰਾਣ ਪੂਰੇ ਹੋਣ, ਉਸਦੀ ਗਤੀ ਨਹੀਂ ਹੁੰਦੀ। ਅੰਤਿਮ ਘੜੀਆਂ ਵੇਲੇ ਆਪੋ ਆਪਣੇ ਵਿਸ਼ਵਾਸਾਂ ਅਨੁਸਾਰ ਲੋਕ ਸੁਖਮਨੀ ਸਾਹਿਬ, ਗੀਤਾ ਦੇ ਅਠਾਰਵੇਂ ਅਧਿਆਇ ਜਾਂ ਪੋਰਾਣਾ ਦੀ ਕਥਾ ਕਰਦੇ ਹਨ। ਮਰਨ ਵਾਲੇ ਪ੍ਰਾਣੀ ਦੇ ਹੱਥੋਂ ਕਈ ਲੋਕ ਇਸ ਵਿਸ਼ਵਾਸ ਨਾਲ ਗਊ ਦਾਨ ਕਰਵਾਉਂਦੇ ਹਨ ਕਿ ਮਰਨ ਮਗਰੋਂ ਉਹ ਗਊ ਦੀ ਪੂਛ ਫੜ ਕੇ 'ਵੈਤਰਨੀ' ਨਦੀ ਨੂੰ ਸੌਖਿਆਂ ਪਾਰ ਕਰ ਜਾਵੇਗਾ ਤੇ ਉਹਦੇ ਹੱਥ 'ਤੇ ਬਾਲ ਕੇ ਰੱਖਿਆ ਦੀਵਾ ਉਹਦੇ ਅਗਲੇ ਬਿਖੜੇ ਪੈਂਡੇ ਵਿਚ ਸਹਾਈ ਹੋਣ ਵਾਲਾ ਸਮਝਿਆ ਜਾਂਦਾ ਹੈ। ਅੰਤਿਮ ਸੁਆਸ ਪੂਰੇ ਹੋਣ ਤੋਂ ਬਾਅਦ ਘਰ ਦੇ ਜੀਅ ਵਿਸ਼ੇਸ਼ ਕਰ ਇਸਤਰੀਆਂ ਉੱਚੀ ਉੱਚੀ ਰੋਣਾ-ਧੋਣਾ ਸ਼ੁਰੂ ਕਰ ਦਿੰਦੀਆਂ ਹਨ। ਲਗਭਗ ਸਾਰਾ ਹੀ ਪਿੰਡ ਇਕੱਠਾ ਹੋ ਜਾਂਦਾ ਹੈ। ਨੇੜੇ ਦੇ ਰਿਸ਼ਤੇਦਾਰਾਂ ਨੂੰ ਮੌਤ ਦੀ ਖਬਰ ਪਹੁੰਚਾ ਦਿੱਤੀ ਜਾਂਦੀ ਹੈ। ਜਿਸ ਤੀਵੀਂ ਦਾ ਖਾਵੰਦ ਮਰਿਆ ਹੋਵੇ ਉਹ ਆਪਣੇ ਵਾਲ ਖੋਲ੍ਹ ਲੈਂਦੀ ਹੈ ਤੇ ਸੁਹਾਗ ਵਾਲੀਆਂ ਚੂੜੀਆਂ ਭੰਨ੍ਹ ਸੁੱਟਦੀ ਹੈ।

ਪੰਜਾਬ ਵਿਚ ਮੁਰਦੇ ਨੂੰ ਰਾਤ ਭਰ ਘੱਟ ਰੱਖਿਆ ਜਾਂਦਾ ਹੈ। ਦਿਨ ਖੜ੍ਹੇ ਉਹਦੀ ਦੇਹ ਦਾ ਸਸਕਾਰ ਕਰ ਦਿੱਤਾ ਜਾਂਦਾ ਹੈ। ਬਾਂਸ ਜਾਂ ਬੇਰੀ ਦੇ ਬੱਲ੍ਹੇ ਵੱਢ ਕੇ ਸੀੜ੍ਹੀ ਤਿਆਰ ਕੀਤੀ ਜਾਦੀ ਹੈ। ਅੱਜ ਕੱਲ੍ਹ ਬਣੇ ਬਣਾਏ ਲੱਕੜੀ ਜਾਂ ਲੋਹੇ ਦੇ ਫੱਟੇ ਤੋਂ ਕੰਮ ਲਿਆ ਜਾਂਦਾ ਹੈ।

ਮ੍ਰਿਤਕ ਨੂੰ ਸ਼ਮਸ਼ਾਨ ਘਾਟ 'ਤੇ ਲਿਜਾਣ ਤੋਂ ਪਹਿਲਾਂ ਉਸਦੀ ਦੇਹੀ ਨੂੰ ਅੰਤਿਮ ਇਸ਼ਨਾਨ ਕਰਵਾਇਆ ਜਾਂਦਾ ਹੈ। ਮਰਯਾਦਾ ਅਨੁਸਾਰ ਕੱਫਣ ਆਦਿ ਤਿਆਰ ਕਰਕੇ ਦੇਹ ਨੂੰ ਅਰਥੀ ਉਪਰ ਲਿਟਾਇਆ ਜਾਂਦਾ ਹੈ।

ਬਾਲ, ਬਿਰਧ, ਕੁਆਰੇ-ਵਿਆਹੇ ਪ੍ਰਾਣੀਆਂ ਤੇ ਸੁਹਾਗਣ ਜਾਂ ਦੁਹਾਗਣ ਦੀ ਅੰਤਿਮ ਤਿਆਰੀ ਨਾਲ ਸੰਬੰਧਤ ਰਸਮਾਂ ਵਿਚ ਭਿੰਨ-ਭੇਦ ਪਾਇਆ ਜਾਂਦਾ ਹੈ।

ਜੇ ਮਰਨ ਵਾਲਾ ਪੜੋਤਰਿਆਂ ਵਾਲਾ ਬਿਰਧ ਹੋਵੇ ਤਾਂ ਉਸਦੀ ਅਰਥੀ ਨੂੰ ਸਜਾ ਕੇ ਉਠਾਇਆ ਜਾਂਦਾ ਹੈ। ਕਈ ਵਾਰ ਅੱਗੇ ਅੱਗੇ ਵਾਜੇ ਵੀ ਵਜਾਏ ਜਾਂਦੇ ਹਨ ਤੇ ਅਰਥੀ ਦੇ ਉੱਪਰ ਦੀ_ਫੱਲੀਆਂ-ਪਤਾਸਿਆਂ ਦੀ ਸੋਟ ਕੀਤੀ ਜਾਂਦੀ ਹੈ। ਉਹਦੇ ਪੁੱਤਰ ਤੇ ਹੋਰ ਨਜ਼ਦੀਕੀ ਅਰਥੀ ਨੂੰ ਮੋਢੇ ਦੇਣ ਵਾਲੇ ਕਾਨ੍ਹੀਆਂ ਦਾ ਫਰਜ਼ ਪੂਰਾ ਕਰਦੇ ਹਨ।

**ਅਰਥੀ**

ਦੇਹ ਨੂੰ ਅਰਥੀ 'ਤੇ ਰੱਖਣ ਲੱਗਿਆਂ ਮੂੰਹ ਪੂਰਬ ਵੱਲ ਨੂੰ ਕੀਤਾ ਜਾਂਦਾ ਹੈ। ਜੇ ਮਰਨ ਵਾਲਾ ਬਜੁਰਗ ਹੋਵੇ ਤਾਂ ਉਹਦੇ ਚਰਨੀਂ ਹੱਥ ਲਾਇਆ ਜਾਂਦਾ ਹੈ ਤੇ ਉਹਦੇ ਮੂੰਹ ਵਿਚ ਰੁਪਈਆ, ਚਾਂਦੀ ਜਾਂ ਕਈ ਵਾਰ ਸੋਨੇ ਦੀ ਡਲੀ ਰੱਖ ਦਿੱਤੀ ਜਾਂਦੀ ਹੈ। ਰਾਹ ਵਿਚ 'ਪਿੰਨ ਭਰਾਏ ਜਾਦੇ ਹਨ।' 'ਅੱਧ ਮਾਰਗ' ਤੋਂ ਬਾਅਦ ਜ਼ਨਾਨੀਆਂ ਘਰ ਨੂੰ ਮੁੜ ਆਉਂਦੀਆਂ ਹਨ ਜਾਂ ਚਿਖਾ ਨੂੰ ਲਾਂਬੂ ਲੱਗਣ ਤੀਕ ਉਥੇ ਹੀ ਖੜ੍ਹੀਆਂ ਰਹਿੰਦੀਆਂ ਹਨ। ਆਦਮੀ 'ਰਾਮ ਨਾਮ ਸਤਿ ਹੈ' ਦੀ ਧੁਨ ਦਾ ਉਚਾਰਨ ਕਰਕੇ ਸਿਵਿਆਂ ਤੀਕ ਅਰਥੀ ਦੇ ਨਾਲ ਜਾਂਦੇ ਹਨ। ਅੰਤਿਮ ਪੜਾਅ ਕੋਲ ਠੀਕਰਾ ਭੰਨ੍ਹਿਆ ਜਾਂਦਾ ਹੈ। ਚਿਖਾ ਨੂੰ ਅੱਗ ਦਿਖਾਉਣ ਵੇਲੇ ਮ੍ਰਿਤਕ ਦਾ ਮੂੰਹ ਪੂਰਬ ਵੱਲ ਰੱਖਿਆ ਜਾਂਦਾ ਹੈ। ਅੱਗ ਦੇਣ ਦਾ ਕੰਮ ਉਹਦਾ ਵੱਡਾ ਪੁੱਤ ਜਾਂ ਉਹਦੀ ਗੈਰ-ਹਾਜ਼ਰੀ ਵਿਚ ਕੋਈ ਭਤੀਜਾ ਭਾਣਜਾ ਆਦਿ ਕਰਦਾ ਹੈ। ਚਿਖਾ ਨੂੰ ਅੱਗ ਦੇਣ ਦਾ ਕੰਮ ਇਸਤਰੀਆਂ ਤੋਂ ਕਤਈ ਨਹੀਂ ਕਰਵਾਇਆ ਜਾਂਦਾ।

ਜਦੋਂ ਚਿਖਾ ਨੂੰ ਪੂਰੀ ਤਰ੍ਹਾਂ ਅੱਗ ਲੱਗ ਜਾਏ ਤੇ ਮ੍ਰਿਤਕ ਦੀ ਖੋਪਰੀ ਦਿਖਣ ਲੱਗ ਪਵੇ ਤਾਂ ਅੱਗ ਦੇਣ ਵਾਲਾ ਬੰਦਾ ਲੰਮੇ ਸਾਰੇ ਡੰਡੇ ਨਾਲ ਮੁਰਦੇ ਦੀ ਖੋਪੜੀ ਠਕੋਰਦਾ ਹੈ। ਇਸ ਤਰ੍ਹਾਂ ਸਖਤ ਜਾਨ ਖੋਪੜੀ ਦਾ ਜਲਣਾ ਸੌਖਾ ਹੋ ਜਾਂਦਾ ਹੈ। ਇਸ ਕਾਰਜ ਨੂੰ 'ਕਪਾਲ ਕਿਰਿਆ' ਕਿਹਾ ਜਾਂਦਾ ਹੈ। ਸਿਵਿਆਂ ਤੋਂ ਮੁੜਨ ਵੇਲੇ ਸਾਰੇ ਬੰਦੇ ਬਲਦੀ ਚਿਖਾ ਵਿਚ ਇਕ ਇਕ 'ਤਿਣਕਾ' ਸੁੱਟਦੇ ਹਨ। ਇਹ ਸ਼ਾਇਦ ਉਸ ਨਾਲੋਂ ਸਭਨਾਂ ਦਾ ਅਖੀਰੀ ਸੰਬੰਧ ਟੁੱਟਣ ਦੀ ਨਿਸ਼ਾਨੀ ਹੁੰਦੀ ਹੈ। ਵਾਪਸੀ ਵੇਲੇ ਸਾਰੇ ਲੋਕ ਛੱਪੜ, ਟੋਭੇ ਜਾਂ ਖੂਹ, ਨਲਕੇ 'ਤੇ ਇਸ਼ਨਾਨ ਕਰਦੇ ਹਨ ਜਾਂ ਮੂੰਹ ਹੱਥ ਧੋਂਦੇ ਹਨ।

ਛੋਟੇ ਹਿੰਦੂ ਬੱਚੇ ਦੀ ਦੇਹ ਨੂੰ ਅਗਨ-ਭੇਟ ਕਰਨ ਦੀ ਥਾਂ ਦਬਾ ਦਿੱਤਾ ਜਾਂਦਾ ਹੈ। ਪਹਿਲੀਆਂ ਵਿਚ ਮਾਤਾ ਆਦਿ ਦੇ ਰੋਗ ਨਾਲ ਮਰਨ ਵਾਲੇ ਬੰਦੇ ਦੀ ਦੇਹ ਨੂੰ ਜਲ-ਪ੍ਰਵਾਹ ਕੀਤਾ ਜਾਂਦਾ ਸੀ। ਕੁਝ ਸਾਧਾਂ-ਸੰਤਾਂ ਦੀਆਂ ਦੇਹਾਂ ਵੀ ਜਲ-ਪ੍ਰਵਾਹ ਕੀਤੀਆਂ ਜਾਂਦੀਆਂ ਹਨ ਜਾਂ ਸਮਾਧੀ ਦਾ ਆਸਣ ਲਾ ਕੇ ਉਨ੍ਹਾਂ ਨੂੰ ਬਹੁਤ ਸਾਰੇ ਲੂਣ ਤੇ ਹੋਰ ਸਮੱਗਰੀ ਪਾ ਕੇ ਦਬਾਉਣ ਦਾ ਵੀ ਰਿਵਾਜ ਹੈ।

ਮੁਸਲਮਾਨ ਆਪਣੇ ਮੁਰਦਿਆਂ ਨੂੰ ਫੂਕਣ ਦੀ ਥਾਂ ਦਫਨਾਉਂਦੇ ਹਨ।

**ਅਸਤ ਚੁਗਣੇ**

ਇਸ ਤੋਂ ਮਗਰੋਂ ਕਈ ਦਿਨ ਮਰਗਤ ਵਾਲੇ ਘਰ ਅਫਸੋਸ ਕਰਨ ਲਈ ਦੂਰੋਂ-ਨੇੜਿਉਂ ਆਉਣ ਵਾਲੀਆਂ ਮਕਾਣਾਂ ਦਾ ਸਿਲਸਿਲਾ ਬੱਝਾ ਰਹਿੰਦਾ ਹੈ। ਮੌਤ ਦੇ ਤੀਜੇ ਜਾ ਚੌਥੇ ਦਿਨ ਮਰਨ ਵਾਲੇ ਦੇ ਅਸਤ ਚੁਗ ਲਏ ਜਾਂਦੇ ਹਨ। ਬੁੱਧਵਾਰ ਨੂੰ ਇਸ ਕੰਮ ਲਈ ਅਸ਼ੁੱਭ ਮੰਨਿਆ ਜਾਂਦਾ ਹੈ। ਜੇ ਨਿਸ਼ਚਿਤ ਦਿਨ 'ਤੇ ਬੁੱਧਵਾਰ ਆਉਂਦਾ ਹੋਵੇ ਤਾਂ ਇਹ ਕੰਮ ਇਕ ਦਿਨ ਅੱਗੇ ਪਿੱਛੇ ਕਰ ਲਿਆ ਜਾਦਾ ਹੈ। ਅਸਥੀਆਂ ਆਪਣੇ ਜੱਦੀ-ਪੁਸ਼ਤੀ ਪੰਡਿਤ ਦੀ ਨਿਗਰਾਨੀ ਹੇਠ ਹਰਿਦੁਆਰ ਜਾ ਕੇ ਜਲ-ਪ੍ਰਵਾਹ ਕਰਨ ਦਾ ਰਿਵਾਜ ਰਿਹਾ ਹੈ। ਕੁਝ ਲੋਕ ਆਪਣੇ ਮ੍ਰਿਤਕ ਸੰਬੰਧੀ ਦੀ ਗਤੀ ਕਰਵਾਉਣ ਲਈ ਪਹੋਏ ਜਾਣਾ ਵੀ ਜ਼ਰੂਰੀ ਸਮਝਦੇ ਹਨ।

ਸਿੱਖ ਅਸਥੀ-ਪ੍ਰਵਾਹ ਕਿਸੇ ਨੇੜੇ ਦੀ ਥਾਂ ਵਗਦੇ ਪਾਣੀ ਵਿਚ ਕਰ ਦਿੰਦੇ ਹਨ ਜਾਂ ਫਿਰ ਉਹ ਇਸ ਕਾਰਜ ਲਈ ਕੀਰਤਪੁਰ ਜਾਂਦੇ ਹਨ।

**ਹੰਗਾਮਾ**

ਪੋਤਰਿਆਂ ਪੜੋਤਰਿਆਂ ਵਾਲੇ ਬਜ਼ੁਰਗ ਦੀ ਮੌਤ ਮਗਰੋਂ ਉਸ ਨੂੰ ਵੱਡਾ ਕਰਨ ਲਈ ਹੰਗਾਮਾ ਜਾਂ 'ਕੱਠ ਕੀਤਾ ਜਾਂਦਾ ਹੈ। ਇਸ ਦਿਨ ਬਰਾਦਰੀ ਤੇ ਹੋਰ ਰਿਸ਼ਤੇਦਾਰਾਂ ਨੂੰ ਅੰਨ ਪਾਣੀ ਛਕਾਇਆ ਜਾਂਦਾ ਹੈ। ਘਰ ਦੇ ਵੱਡੇ ਪੁੱਤ ਦੇ ਪੱਗ ਬੰਨ੍ਹਾਈ ਜਾਂਦੀ ਹੈ। ਰਿਸ਼ਤੇਦਾਰਾਂ ਵੱਲੋਂ ਲੈਣ ਦੇਣ ਇਸ ਵੇਲੇ ਹੀ ਹੁੰਦਾ ਹੈ। ਹਿੰਦੂ ਪਰਿਵਾਰਾਂ ਵਿਚ ਵੱਡੇ ਪੁੱਤਰ ਦੇ ਪੱਗ ਬੰਨ੍ਹਣ ਤੋਂ ਪਹਿਲਾਂ ਉਸਦਾ ਪੂਰੀ ਤਰ੍ਹਾਂ ਮੁੰਡਨ ਕੀਤਾ ਜਾਂਦਾ ਹੈ।

ਕੁਝ ਲੋਕ ਸਾਲ ਮਗਰੋਂ ਵਰ੍ਹੀਣਾ ਵੀ ਕਰਦੇ ਹਨ ਤੇ ਹਰ ਸਾਲ ਆਪਣੇ ਮੋਏ ਪਿੱਤਰ ਦੀ ਯਾਦ ਵਿਚ ਬ੍ਰਾਹਮਣਾਂ ਨੂੰ ਅੰਨ ਪਾਣੀ ਛਕਾਉਂਦੇ ਤੇ ਸਰਾਧ ਕਰਵਾਉਂਦੇ ਰਹਿੰਦੇ ਹਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਾਡੇ ਆਲੇ-ਦੁਆਲੇ ਜੀਵਨ ਦੀ ਹਰ ਮਹੱਤਵਪੂਰਨ ਘੜੀ 'ਤੇ ਰਹੁ-ਰੀਤਾ ਦਾ ਸੰਘਣਾ ਜਾਲ ਬੁਣਿਆ ਹੋਇਆ ਨਜ਼ਰ ਆਉਂਦਾ ਹੈ। ਇਨ੍ਹਾਂ ਦੀ ਆਪਦੇ ਮੁੱਢ ਵਿਚ ਤਾਂ ਕੋਈ ਸਾਰਥਕਤਾ ਹੁੰਦੀ ਹੋਵੇਗੀ

ਪਰ ਹੁਣ ਤਾਂ ਬਹੁਤ ਸਮੇਂ ਤੋਂ ਲੋਕ 'ਲਕੀਰ ਦੀ ਫਕੀਰੀ' ਹੀ ਕਰਦੇ ਚਲੇ ਆਉਂਦੇ ਹਨ। ਹਰ ਪੀੜ੍ਹੀ ਨੂੰ ਆਪਣੀਆਂ ਰਹੁ-ਰੀਤਾਂ ਦੀ ਸਾਰਥਕਤਾ ਦਾ ਪੁਨਰ-ਮੁਲਾਂਕਣ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਸਾਡੇ ਦਾਸਤਾਂ ਵਿਚ ਵਾਧਾ ਕਰਨ ਤੋਂ ਸਿਵਾ ਹੋਰ ਕੁਝ ਸੁਆਰ ਸਕਣ ਦੇ ਸਮਰੱਥ ਨਹੀਂ ਰਹਿੰਦੀਆਂ।

ਗੁਲਜ਼ਾਰ ਸਿੰਘ ਸੰਧੂ ਦੇ ਸ਼ਬਦਾਂ ਵਿਚ, ''ਸਾਡੇ ਰਿਵਾਜ, ਸਾਡੀ ਰਹਿਣੀ ਬਹਿਣੀ ਤੇ ਮੰਨ ਮਨੌਤ ਸਾਡੀ ਅਨਪੜ੍ਹਤਾ ਦਾ ਸ਼ੀਸ਼ਾ ਹਨ। ਸਾਡੇ ਲੋਕਾਂ ਦੇ ਕਰਜ਼ਾਈ ਹੋਣ ਦਾ ਵੱਡਾ ਕਾਰਨ ਇਹੀ ਵਹਿਮ ਹੁੰਦੇ ਹਨ। ......... ਇਨ੍ਹਾਂ ਨੇ ਪੂਜਾ ਪਾਠ ਕਰਨ ਵਾਲੀਆਂ ਜਾਤੀਆਂ ਨੂੰ ਜਿਹੜੀਆਂ ਆਮ ਤੌਰ 'ਤੇ ਪੜ੍ਹੀਆਂ ਲਿਖੀਆਂ ਹੁੰਦੀਆਂ ਹਨ, ਵਿਹਲੜ ਮੰਗਤੇ ਬਣਾ ਕੇ ਰੱਖ ਦਿੱਤਾ ਹੈ ਤੇ ਚੰਗੇ ਭਲੇ ਲੋਕਾਂ ਨੂੰ ਪਰੰਪਰਾ ਦਾ ਦਾਸ ਬਣਾ ਛੱਡਿਆ ਹੈ।''

**ਸਮਾਜਕ ਅਤੇ ਸਭਿਆਚਾਰਕ ਮਹੱਤਵ** : ਰਸਮਾਂ, ਸਮਾਜਕ ਅਤੇ ਸਭਿਆਚਾਰਕ ਮਹੱਤਵ ਰੱਖਦੀਆਂ ਹਨ। ਜਨਮ ਸਮੇਂ ਦੀਆਂ ਬਹੁਤੀਆਂ ਰੀਤਾਂ ਜੱਚਾ ਅਤੇ ਬੱਚੇ ਦੀ ਮਾਨਸਿਕ ਅਤੇ ਸਰੀਰਕ ਸੁਰੱਖਿਆ ਨਾਲ ਸੰਬੰਧ ਰੱਖਦੀਆਂ ਹਨ। ਕੁਝ ਕੁ ਸੰਬੰਧ ਸੁਗਾਤ ਤਬਾਦਲੇ ਨਾਲ ਹੈ ਜਿਹੜੀਆਂ ਸ਼ਕੀਰੀ ਨੂੰ ਪੱਕਾ ਕਰਦੀਆਂ ਹਨ ਅਤੇ ਸਮਾਜਕ ਮੇਲ ਜੋਲ ਵਿਚ ਵਾਧਾ ਕਰਦੀਆਂ ਹਨ। ਜਨਮ ਸਮੇਂ ਦੀਆਂ ਕੁਝ ਕੁ ਰਸਮਾਂ ਵਿਚ ਲਾਗੀ ਭਾਗ ਲੈਂਦੇ ਹਨ, ਸਮਾਜਕ ਪੁੜਬੰਦੀ ਦੇ ਆਦਾਨ ਪ੍ਰਦਾਨ ਨੂੰ ਸੰਚਾਰਤ ਕਰਦੀਆਂ ਹਨ।

ਵਿਆਹ ਸਮੇਂ ਦੀਆਂ ਰਸਮਾ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਪਹਿਲੀ ਕਿਸਮ ਦੀਆਂ ਉਹ ਰਸਮਾਂ ਹਨ ਜਿਹੜੀਆਂ ਸ਼ਰੀਕੇ ਅਤੇ ਸ਼ਕੀਰੀਆਂ ਦੇ ਮਹੱਤਵਪੂਰਨ ਰੋਲ ਨੂੰ ਸੰਚਾਰਤ ਕਰਦੀਆਂ ਹਨ। ਦੂਸਰੀ ਵੰਨਗੀ ਦੀਆਂ ਉਹ ਰਸਮਾਂ ਹਨ ਜਿਹੜੀਆਂ ਵਿਆਹ ਦੇ ਵਿਕਾਸ ਦੀਆਂ ਰੂੜੀਗਤ ਪ੍ਰਥਾਵਾਂ ਨੂੰ ਸੰਭਾਲੀ ਬੈਠੀਆਂ ਹਨ। ਜਿਵੇਂ ਛੰਦ-ਪਰਾਗਾ ਅਤੇ ਛਿੱਟੀਆਂ ਖੇਡਣਾ ਆਦਿ। ਵਿਆਹ ਦੀਆਂ ਕੁਝ ਰਸਮਾਂ ਸਮਾਜਕ ਪੁੜਬੰਦੀ ਦੀ ਭੂਮਿਕਾ ਦਾ ਸੰਚਾਰ ਵੀ ਕਰਦੀਆਂ ਹਨ।

ਮਰਨ ਸਮੇਂ ਦੀਆਂ ਰਸਮਾਂ ਜੀਵਨ ਅਤੇ ਮੌਤ ਦੇ ਸੰਬੰਧ ਨੂੰ ਪ੍ਰਤੀਬਿੰਬਤ ਤੌਰ 'ਤੇ ਚਿਤਰਦੀਆਂ ਹਨ। ਕਈ ਰਸਮਾਂ ਦਾ ਸੰਬੰਧ ਆਵਾਗਵਨ ਦੇ ਚੱਕਰ ਅਤੇ ਮੁਕਤੀ ਨਾਲ ਹੈ। ਪੰਜਾਬੀ ਮਨ ਦਾ ਵਿਸ਼ਵਾਸ ਹੈ ਕਿ ਆਤਮਾ ਮਰਦੀ ਨਹੀਂ, ਇਸ ਸਿਧਾਂਤ ਨੂੰ ਰਸਮਾਂ ਸੰਕੇਤਕ ਰੂਪ ਵਿਚ ਪ੍ਰਤੀਬਿੰਬਤ ਕਰਦੀਆਂ ਹਨ। ਇਹ ਰਸਮਾ ਮਨੁੱਖ ਦੇ ਜੀਵਨ ਵਿਚ ਵਿਸ਼ਵਾਸ ਪੈਦਾ ਕਰਦੀਆਂ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਰਸਮਾਂ ਅਤੇ ਰੀਤਾਂ ਦਾ ਅਹਿਮ ਸਮਾਜ ਤੇ ਸਭਿਆਚਾਰਕ ਮਹੱਤਵ ਹੈ।

ਪਾਠ ਨੰ. 2.4 ਲੇਖਕ : ਡਾ. ਸਾਧੂ ਸਿੰਘ

# ਮੇਲੇ ਅਤੇ ਤਿਉਹਾਰ
## (ਸਮਾਜਕ ਸਭਿਆਚਾਰਕ ਮਹੱਤਵ ਤੇ ਪ੍ਰਕਾਰਜ)

**ਪਾਠ ਦਾ ਮੰਤਵ**

ਇਸ ਪਾਠ ਦਾ ਮੰਤਵ ਪੰਜਾਬੀ ਮੇਲੇ ਅਤੇ ਤਿਉਹਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਉਂਝ ਤਾ ਪੰਜਾਬ ਦੇ ਹਰ ਪਿੰਡ ਜਾਂ ਸ਼ਹਿਰ ਵਿਚ ਕੋਈ ਨਾ ਕੋਈ ਮੇਲਾ ਲਗਦਾ ਹੈ। ਇਹ ਮੇਲਾ ਕਿਸੇ ਇਤਿਹਾਸਕ ਜਾਂ ਮਿਥਿਹਾਸਕ ਘਟਨਾ ਨਾਲ ਸੰਬੰਧਤ ਹੋ ਸਕਦਾ ਹੈ ਜਾਂ ਫਿਰ ਕਿਸੇ ਗੁਰੂ, ਪੀਰ, ਸਾਧ, ਸੰਤ ਜਾਂ ਕਿਸੇ ਮਹਾਂ ਪੁਰਖ ਦੀ ਸਿਮਰਤੀ ਵਿਚ ਹੋ ਸਕਦਾ ਹੈ। ਇਸ ਲਈ ਹਰ ਸਥਾਨਕ ਮੇਲੇ ਦਾ ਉਲੇਖ ਕਰ ਸਕਣਾ ਸੰਭਵ ਨਹੀਂ, ਨਾ ਹੀ ਹਰ ਮੇਲੇ ਦਾ ਵਰਨਣ ਕਰਨਾ ਇਸ ਪਾਠ ਦਾ ਮੰਤਵ ਹੈ। ਪਰੰਤੂ ਕੁਝ ਮੇਲੇ ਅਜਿਹੇ ਹਨ ਜਿਨ੍ਹਾ ਵਿਚ ਪੰਜਾਬ ਭਰ ਤੋਂ ਲੋਕ ਸ਼ਾਮਿਲ ਹੁੰਦੇ ਹਨ, ਇਸ ਲਈ ਇਨ੍ਹਾ ਮੇਲਿਆਂ ਦਾ ਵਰਨਣ ਸੰਖੇਪ ਵਿਚ ਕੀਤਾ ਗਿਆ ਹੈ। ਤਿਉਹਾਰ ਲਗਭਗ ਸਾਰੇ ਪੰਜਾਬ ਵਿਚ ਸਾਂਝੇ ਹਨ। ਇਸ ਲਈ ਸਾਰੇ ਮਹੱਤਵਪੂਰਨ ਤਿਉਹਾਰਾਂ ਦਾ ਉਲੇਖ ਵੀ ਕੀਤਾ ਗਿਆ ਹੈ।

**ਪਾਠ ਦੀ ਰੂਪ ਰੇਖਾ**

ਪਾਠ ਦੇ ਸ਼ੁਰੂ ਵਿਚ ਸੂਬਾਈ ਅਤੇ ਸਥਾਨਕ ਮੇਲਿਆਂ ਵਿਚ ਅੰਤਰ ਨਿਖੇੜ ਕੀਤਾ ਗਿਆ ਹੈ। ਇਸ ਤੋਂ ਬਾਅਦ ਮੇਲਿਆਂ ਅਤੇ ਤਿਉਹਾਰਾਂ ਦੇ ਅੰਤਰ ਬਾਰੇ ਚਰਚਾ ਕੀਤੀ ਗਈ ਹੈ ਅਤੇ ਇਨ੍ਹਾਂ ਦੀ ਸਮਾਜਕ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਪਰੰਤ ਪੰਜਾਬ ਦੇ ਸੂਬਾਈ ਮੇਲਿਆਂ ਦਾ ਉਲੇਖ ਕੀਤਾ ਗਿਆ ਹੈ। ਮੇਲਿਆਂ ਦੇ ਵਰਨਣ ਤੋਂ ਬਾਅਦ ਇਨ੍ਹਾਂ ਵਿਚ ਉਭਰ ਰਹੇ ਨਵੇਂ ਝੁਕਾਵਾਂ ਵੱਲ ਸੰਕੇਤ ਕੀਤਾ ਗਿਆ ਹੈ। ਅੰਤ ਵਿਚ ਪੰਜਾਬ ਦੇ ਮਹੱਤਵਪੂਰਨ ਤਿਉਹਾਰਾਂ ਦਾ ਉਲੇਖ ਕੀਤਾ ਗਿਆ ਹੈ।

**ਪੰਜਾਬੀ ਮੇਲੇ ਅਤੇ ਤਿਉਹਾਰ**

ਪੰਜਾਬ ਮੇਲਿਆਂ ਤੇ ਤਿਉਹਾਰਾਂ ਦੀ ਭਰਮਾਰ ਵਾਲੀ ਧਰਤੀ ਹੈ। ਕੁਝ ਮੇਲੇ ਸਥਾਨਕ ਤੌਰ 'ਤੇ ਮਨਾਏ ਜਾਂਦੇ ਹਨ ਜਦ ਕਿ ਦੂਜਿਆਂ ਵਿਚ ਕੇਵਲ ਸੂਬੇ ਭਰ ਦੇ ਸਾਰੇ ਖ਼ਿੱਤਿਆਂ ਦੇ ਲੋਕ ਹੀ ਸ਼ਾਮਲ ਨਹੀਂ ਹੁੰਦੇ ਸਗੋਂ ਹੋਰ ਪ੍ਰਾਂਤਾਂ ਵਿਚ ਵਸਦੇ ਪੰਜਾਬੀ ਵੀ ਇਨ੍ਹਾਂ ਮੇਲਿਆਂ ਦੀ ਰੌਣਕ ਵਧਾਉਣ ਲਈ ਆਪਣੀ ਪੂਰੀ ਰਵਾਇਤੀ ਸੱਜ-ਧੱਜ ਤੇ ਧੂਮਧਾਮ ਨਾਲ ਸ਼ਾਮਲ ਹੁੰਦੇ ਹਨ।

ਮੇਲਿਆਂ ਤੇ ਤਿਉਹਾਰਾਂ ਵਿਚਕਾਰ ਅੰਤਰ ਬੜਾ ਧੁੰਦਲਾ ਜਿਹਾ ਤੇ ਕੁਝ ਹਾਲਤਾਂ ਵਿਚ ਅਸਲੋਂ ਹੀ ਨਾ ਹੋਣ ਬਰਾਬਰ ਹੁੰਦਾ ਹੈ। ਤਿਉਹਾਰਾਂ ਦਾ ਸੰਬੰਧ ਮੂਲ ਵਿਚ ਕੁਝ ਪੁਨੀਤ ਸਮਝੀਆਂ ਜਾਂਦੀਆਂ ਮਹੱਤਵਪੂਰਨ ਤਿੱਥਾਂ ਨਾਲ ਹੁੰਦਾ ਹੈ। ਮੇਲੇ ਵਿਚ ਲੋਕਾਂ ਦੇ ਵਿਸ਼ਾਲ ਸਮੂਹ ਦਾ ਕਿਸੇ ਕੇਂਦਰੀ ਸਥਾਨ 'ਤੇ ਇਕੱਠਾ ਹੋਣਾ ਜ਼ਰੂਰੀ ਹੁੰਦਾ ਹੈ, ਜਦ ਕਿ ਤਿਉਹਾਰ, ਬਿਨਾਂ ਕਿਸੇ ਥਾਂ ਬਹੁਤ ਸਾਰੇ ਲੋਕਾਂ ਦੇ ਇਕੱਠੇ ਹੋਣ ਦੇ, ਵਿਅਕਤੀਗਤ ਜਾਂ ਪਰਿਵਾਰਕ ਪੱਧਰ 'ਤੇ ਵੀ ਮਨਾਏ ਜਾ ਸਕਦੇ ਹਨ। ਮਿਸਾਲ ਵਜੋਂ ਕਰਵਾ ਚੌਥ ਦੇ ਵਰਤ ਨੂੰ ਨਿਸ਼ਚੇ ਹੀ ਅਜਿਹਾ ਤਿਉਹਾਰ ਆਖਿਆ ਜਾ ਸਕਦਾ ਹੈ। ਪਰ ਇਹ ਭਿੰਨਤਾ ਹਰ ਤਿਉਹਾਰ 'ਤੇ ਲਾਗੂ ਨਹੀਂ ਹੁੰਦੀ ਬਹੁਤ ਸਾਰੇ ਤਿਉਹਾਰ ਅਜੇਹੇ ਵੀ ਹੁੰਦੇ ਹਨ ਜਿਨ੍ਹਾਂ ਦਾ ਸੰਬੰਧ ਤਿੱਥਾਂ ਨਾਲ ਵੀ ਹੁੰਦਾ ਹੈ ਤੇ ਇਹ ਸਮੂਹਕ ਤੌਰ 'ਤੇ ਇਕੱਠੇ ਹੋ ਕੇ ਮੇਲੇ ਵਾਂਗ ਵੀ ਮਨਾਏ ਜਾਂਦੇ ਹਨ। ਬਸੰਤ ਪੰਚਮੀ, ਵਿਸਾਖੀ ਤੇ ਹੋਲੇ-ਮਹੱਲੇ ਦੇ ਤਿਉਹਾਰ ਇਸੇ ਕਿਸਮ ਦੇ ਤਿਉਹਾਰੀ ਮੇਲਿਆਂ ਦੀਆਂ ਪ੍ਰਤੀਨਿਧ ਮਿਸਾਲਾਂ ਹਨ।

ਇਨ੍ਹਾਂ ਮੇਲਿਆਂ ਵਿਚ ਪੰਜਾਬ ਦਾ ਇਤਿਹਾਸ, ਮਿਥਿਹਾਸ ਤੇ ਸਮੁੱਚਾ ਸਭਿਆਚਾਰ ਗਹਿ-ਗੱਚ ਤੌਰ 'ਤੇ ਇਕ ਦੂਜੇ ਵਿਚ ਓਤ ਪ੍ਰੋਤ ਹੋਇਆ ਵੇਖਣ ਵਿਚ ਆਉਂਦਾ ਹੈ। ਇਕ ਤਰ੍ਹਾਂ ਨਾਲ ਇਹ ਮੇਲੇ ਲੋਕਾਂ ਦੀ ਸਮੁੱਚੀ ਰਹਿਤਲ ਦੇ ਪ੍ਰਤੀਨਿਧ ਪ੍ਰਤੀਕ ਹੁੰਦੇ ਹਨ। ਜੇ ਕਿਸੇ ਨੇ ਪੰਜਬੀਆਂ ਦੀ ਸਮੁੱਚੀ ਚੜ੍ਹਤ, ਵੰਨ-ਸੁਵੰਨੀਆਂ ਪੁਸ਼ਾਕਾਂ ਗੀਤ-ਸੰਗੀਤ ਦੀਆਂ ਵਿਭਿੰਨ ਸ਼ੈਲੀਆਂ, ਕਸਰਤੀ ਕਰਤਬਾਂ, ਖਾਣ ਪੀਣ ਦੇ ਸ਼ੌਕ, ਖੇਡਾਂ ਤੇ ਇਥੋਂ ਤੱਕ ਕਿ ਆਪਸੀ ਖਹਿਬਾਜ਼ੀ ਦਾ ਰਲਵਾਂ ਦੀਦਾਰ ਕਰਨਾ ਹੋਵੇ ਤਾਂ ਉਹ ਪੰਜਾਬ ਦੇ ਕਿਸੇ ਪ੍ਰਤੀਨਿਧ ਮੇਲੇ ਵਿਚ ਸ਼ਮੂਲੀਅਤ ਕਰੇ। ਉਥੇ ਇਹ ਸਭ ਕੁਝ ਬਿਨਾਂ ਉਚੇਚੇ ਤਰੱਦਦ ਦੇ

ਇਕ ਥਾਂ ਇਕੱਤਰ ਹੋਇਆ ਮਿਲ ਸਕਦਾ ਹੈ।

ਮੇਲੇ ਕੰਮਕਾਰਾਂ ਵਿਚ ਰੁੱਝੀ ਮੁਸ਼ੱਕਤੀ ਕਿਰਸਾਨੀ ਤੇ ਪੇਂਡੂ ਤਬਕਿਆਂ ਦੀ ਹੋਰ ਵਸੋਂ ਦੀ ਜ਼ਿੰਦਗੀ ਦੀ ਇਕਸਾਰਤਾ ਨੂੰ ਤੋੜ ਕੇ ਉਨ੍ਹਾਂ ਦੇ ਜੀਵਨ ਵਿਚ ਨਵੀਆਂ ਰੌਆਂ ਧੜਕਾਉਣ ਵਿਚ ਸਹਾਈ ਹੁੰਦੇ ਹਨ। ਇਸ ਤਰ੍ਹਾਂ ਇਹ ਮੇਲੇ ਸਮੁੱਚੇ ਪੰਜਾਬੀ ਭਾਈਚਾਰੇ ਦੇ ਸਮੂਹਕ ਕੈਥਾਰਸਿਸ ਦਾ ਕਾਰਗਰ ਵਸੀਲਾ ਹੋ ਨਿੱਬੜਦੇ ਹਨ।

ਮੇਲਿਆਂ ਦੇ ਨਾਵਾਂ ਤੋਂ ਭਾਵੇਂ ਇਹਨਾਂ ਦੀ ਸੰਪਰਦਾਇਕ ਆਧਾਰ 'ਤੇ ਵੀ ਵੰਡ ਕੀਤੀ ਜਾ ਸਕਦੀ ਹੈ ਪਰ ਅਮਲੀ ਰੂਪ ਵਿਚ ਕੋਈ ਵੀ ਮੇਲਾ ਅਜੇਹਾ ਨਹੀਂ ਹੁੰਦਾ ਜਿਸ ਵਿਚ ਕਿਸੇ ਵਿਸ਼ੇਸ਼ ਸੰਪਰਦਾਇ ਦੇ ਲੋਕ ਹੀ ਸ਼ਾਮਲ ਹੋਣ। ਪੰਜਾਬ ਦੇ ਮੇਲੇ ਤਾਂ ਅਸਲ ਵਿਚ ਸੰਪਰਦਾਇਕ ਸਾਂਝ ਅਤੇ ਆਪਸੀ ਭਾਈਚਾਰਕ ਏਕਤਾ ਦੀਆਂ ਮਜ਼ਬੂਤ ਕੜੀਆਂ ਹੁੰਦੇ ਹਨ। ਦੁਸ਼ਹਿਰਾ ਹੋਵੇ ਜਾਂ ਬਸੰਤ ਪੰਚਮੀ, ਹੈਦਰ ਸ਼ੇਖ ਦਾ ਮੇਲਾ ਹੋਵੇ ਜਾ ਰੌਸ਼ਨੀ, ਹੌਲਾ-ਮੁਹੱਲਾ ਹੋਵੇ ਜਾਂ ਜੋੜ-ਮੇਲਾ, ਪੰਜਾਬ ਦੀ ਵਸੋਂ ਦਾ ਕੋਈ ਅਜਿਹਾ ਤਬਕਾ ਨਹੀਂ ਹੋਵੇਗਾ ਜੋ ਇਨ੍ਹਾਂ ਸਭਨਾਂ ਵਿਚ ਹੁਮ-ਹੁਮਾ ਕੇ ਪੁੱਜਣ ਦਾ ਸ਼ੌਕੀਨ ਨਾ ਹੋਵੇ।

ਭਾਵੇਂ ਕੁਝ ਮੇਲਿਆਂ ਵਿਚ ਲੜਾਈ-ਝਗੜੇ ਵੀ ਹੋ ਜਾਂਦੇ ਹਨ ਪਰ ਇਹ ਝਗੜੇ ਪੰਜਾਬੀ ਮੇਲਿਆਂ ਦਾ ਪ੍ਰਤੀਨਿਧ ਲੱਛਣ ਨਹੀਂ ਸਗੋਂ ਵਿਰਲੇ ਟਾਂਵੇ ਅਪਵਾਦ ਮਾਤਰ ਹੀ ਹੁੰਦੇ ਹਨ। ਇਨ੍ਹਾਂ ਝਗੜਿਆਂ ਦਾ ਅਧਾਰ ਵੀ ਆਮ ਤੌਰ 'ਤੇ ਨਿੱਜੀ ਕਿੜਾਂ ਤੇ ਸ਼ਰੀਕੇ-ਬਾਜ਼ੀ ਦੀਆਂ ਖਹਿਬਾਜ਼ੀਆਂ ਹੀ ਹੁੰਦੀਆਂ ਹਨ। ਇਨ੍ਹਾਂ ਵਿਚੋਂ ਸੰਪਰਦਾਇਕ ਦੰਗਿਆਂ ਦੀ ਬੂਅ ਆਉਂਦੀ ਹੋਵੇ, ਅਜਿਹਾ ਕਦੇ ਵੇਖਣ ਸੁਣਨ ਵਿਚ ਨਹੀਂ ਆਇਆ।

ਬਹੁਤੇ ਮੇਲੇ ਕੇਵਲ ਬੰਦਿਆਂ ਲਈ ਹੀ ਨਹੀਂ ਸਗੋਂ ਡੰਗਰਾਂ-ਢੋਰਾਂ ਲਈ ਵੀ ਵਿਸ਼ੇਸ਼ ਅਵਸਰ ਹੁੰਦੇ ਹਨ। ਕੁਝ ਮੇਲਿਆਂ ਵਿਚ ਬਲਦਾਂ, ਘੋੜਿਆਂ ਤੇ ਊਠਾਂ ਦੀ ਸਜ-ਧਜ ਵੇਖਣ ਵਾਲੀ ਹੁੰਦੀ ਹੈ।

ਬੀਤੇ ਕੁਝ ਦਹਾਕਿਆਂ ਤੋਂ ਮੇਲਿਆਂ ਵਿਚ ਰਾਜਨੀਤੀ ਦਾ ਦਖਲ ਵੀ ਕਾਫੀ ਉਘੜਵੇਂ ਰੂਪ ਵਿਚ ਨਜ਼ਰ ਆਉਣ ਲੱਗ ਪਿਆ ਹੈ। ਇਨ੍ਹਾਂ ਮੇਲਿਆਂ ਵਿਚ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਆਪੋ ਆਪਣੇ ਪੰਡਾਲਾਂ ਦਾ ਪ੍ਰਬੰਧ ਕਰਦੀਆਂ ਹਨ।

ਪੰਜਾਬੀ ਵਿਚ ਇਕ ਆਮ ਅਖਾਉਤ ਪ੍ਰਚੱਲਿਤ ਹੈ ਕਿ 'ਮੇਲਾ ਮੇਲੀ ਦਾ ਪੈਸਾ ਧੇਲੀ ਦਾ'। ਜਿੱਥੇ ਇਕੱਲਾਕਾਰਾ ਬੰਦਾ ਮੇਲੇ ਦੀ ਰੌਣਕ ਦਾ ਪੂਰਾ ਅਨੰਦ ਨਹੀਂ ਲੈ ਸਕਦਾ, ਉਥੋਂ ਖਾਣ-ਖਰਚਣ ਲਈ ਲੋੜੀਂਦੇ ਵਸੀਲੇ ਦੀ ਅਣਹੋਂਦ ਕਾਰਨ ਵੀ ਮੇਲੇ ਦੀਆਂ ਰੌਣਕਾਂ ਫਿੱਕੀਆਂ ਹੀ ਭਾਸਦੀਆਂ ਹਨ। ਅਸਲ ਵਿਚ ਸਾਥ ਤੇ ਸਾਧਨਾ ਦੇ ਰਲਵੇਂ ਸੰਯੋਗ ਨਾਲ ਹੀ ਮੇਲੇ ਦਾ ਪੂਰਾ ਠੁੱਕ ਬੱਝਦਾ ਹੈ।

ਮੇਲਿਆਂ ਦਾ ਪੰਜਾਬ ਦੀ ਆਰਥਿਕਤਾ ਨਾਲ ਵੀ ਨੇੜੇ ਦਾ ਸੰਬੰਧ ਹੈ। ਭਾਵੇਂ ਮੇਲਿਆਂ ਵਿਚ ਦੁਕਾਨਾਂ ਤਾਂ ਹੋਰ ਵੀ ਬਹੁਤ ਸਾਰੇ ਲੋਕ ਸਜਾਉਂਦੇ ਹਨ ਪਰੰਤੂ ਮਨਿਆਰਾਂ ਤੇ ਹਲਵਾਈਆਂ ਦੀ ਤਾਂ ਮੇਲੇ ਵਿਚ ਨਿਰੀ ਚਾਂਦੀ ਹੁੰਦੀ ਹੈ।

ਪੰਜਾਬ ਵਿਚ ਲੱਗਣ ਵਾਲੇ ਪ੍ਰਮੁੱਖ ਮੇਲੇ ਇਸ ਪ੍ਰਕਾਰ ਹਨ :

**ਜਰਗ ਦਾ ਮੇਲਾ**

ਇਹ ਮੇਲਾ ਮਾਲਵੇ ਦੇ ਪ੍ਰਸਿੱਧ ਨਗਰ ਪਾਇਲ ਦੇ ਨੇੜੇ ਕਸਬਾ 'ਜਰਗ' ਵਿਚ ਲੱਗਣ ਕਾਰਨ ਹੀ 'ਜਰਗ ਦੇ ਮੇਲੇ' ਦੇ ਨਾਉਂ ਨਾਲ ਪ੍ਰਸਿੱਧ ਹੈ। ਗਿਆਨੀ ਗੁਰਦਿੱਤ ਸਿੰਘ ਅਨੁਸਾਰ, ''ਇਹ ਮੇਲਾ ਚੇਤ ਦੇ ਮਹੀਨੇ ਬਾਸੜੀਏ ਦਾ ਮੇਲਾ ਵੀ ਕਹਾਉਂਦਾ ਹੈ। ਬਾਸੜੀਏ ਜਾਂ ਬਾਹਿੜੀਏ ਦਾ ਅਰਥ ਹੈ 'ਬੇਹਾਪਨਾ'। ਚੇਤ ਦੇ '(ਪਹਿਲੇ) ਮੰਗਲਵਾਰ ਦੀ ਸਵੇਰ ਤੋਂ ਇਕ ਦਿਨ ਪਹਿਲਾਂ ਗੁਲਗੁਲੇ ਪਕਾਏ ਜਾਦੇ ਹਨ। ਰਾਤ ਨੂੰ ਸੁੱਚੇ ਰੱਖ ਕੇ ਦੂਜੇ ਦਿਨ ਬੇਹੇ ਹੋ ਜਾਂਣ 'ਤੇ ਮਾਤਾ ਰਾਣੀ ਦੀ ਪੂਜਾ ਕਰਕੇ ਪਹਿਲਾਂ ਗਧੇ ਨੂੰ ਖੁਆ ਕੇ ਪਿਛੋਂ ਆਪ ਖਾਧੇ ਜਾਦੇ ਹਲ। ਇਉਂ ਗੁਲਗੁਲੇ ਬੇਹੇ ਕਰਕੇ ਖਾਣ ਤੋਂ ਬਾਹਿੜੀਆ ਜਾਂ ਬਾਸੜੀਆ ਲਫਜ਼ ਬਣਿਆ ਮਲੂਮ ਹੁੰਦਾ ਹੈ। ਇਹ ਤਿਉਹਾਰ ਮਾਲਵੇ, ਖਾਸ ਕਰਕੇ ਪੁਆਧ ਦੇ ਹਰ ਪਿੰਡ ਵਿਚ ਮਨਾਇਆ ਜਾਂਦਾ ਹੈ। ਜਿਸ ਘਰ ਦੇ ਕਿਸੇ ਜੀਅ ਨੂੰ ਮਾਤਾ ਨਿਕਲੀ ਹੋਵੇ ਉਸ ਵੱਲੋਂ ਤਾਂ ਇਸ ਦਿਨ ਮਾਤਾ ਰਾਣੀ ਦੀ ਸੁੱਖਣਾ ਚੜ੍ਹਾਉਣੀ ਪੱਕੀ ਪਿਰਤ ਹੈ ਜਿਸ ਘਰ ਮਾਤਾ ਨਾ ਨਿਕਲੀ ਹੋਵੇ, ਉਹ ਮਾਤਾ ਰਾਣੀ ਨੂੰ ਖੁਸ਼ ਕਰਨ ਲਈ ਕਿ ਸਾਡੇ ਕਿਸੇ ਜੀ ਦੇ ਨਾ ਨਿਕਲੇ, ਅੱਗੋਂ ਹੀ ਬਾਨ੍ਹਣੂੰ ਬੰਨ੍ਹ ਲੈਣਾ ਚੰਗਾ ਸਮਝਦੇ ਹਨ।''

ਜਿਵੇਂ ਉਪਰੋਕਤ ਤੋਂ ਪ੍ਰਗਟ ਹੈ ਕਿ ਇਹ ਮੇਲਾ 'ਸੀਤਲਾ ਮਾਤਾ' ਨੂੰ ਰੀਝਾਉਣ ਦੇ ਮਨੋਰਥ ਨਾਲ ਮਨਾਇਆ

ਜਾਂਦਾ ਹੈ। ਜਰਗ ਦਾ ਮੇਲਾ ਇਕ ਟੋਭੇ ਦੁਆਲੇ ਲਗਦਾ ਹੈ। ਮਾਤਾ ਦੀ ਪੂਜਾ ਕਰਨ ਵਾਲੇ ਟੋਭੇ ਵਿਚੋਂ ਮਿੱਟੀ ਕੱਢ ਕੇ ਇਕ ਮਟੀਲਾ ਜਿਹਾ ਖੜ੍ਹਾ ਕਰ ਲੈਂਦੇ ਹਨ। ਇਸ ਮਟੀਲੇ ਨੂੰ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ ਤੇ ਭੇਟਾ ਚਾੜ੍ਹੀਆਂ ਜਾਂਦੀਆਂ ਹਨ।

ਖੋਤੇ ਨੂੰ ਸੀਤਲਾ ਮਾਤਾ ਦਾ ਵਾਹਨ ਮੰਨਿਆ ਜਾਂਦਾ ਹੈ। ਇਸ ਲਈ ਇਸ ਦਿਨ ਖੋਤੇ ਦੀ ਗੁਲਗਲਿਆਂ, ਬੱਕਲੀਆਂ ਤੇ ਹੋਰ ਪਦਾਰਥਾਂ ਨਾਲ ਖੂਬ ਸੇਵਾ ਹੁੰਦੀ ਹੈ। ਖੋਤੇ ਦੇ ਰੱਜ ਕੇ ਟੀਟਣੇ ਮਾਰਨ ਤੇ ਹਿਣਕਣ ਨੂੰ ਭਗਤ-ਜਨ, ਰਾਣੀ ਦੀ ਪ੍ਰਸੰਨਤਾ ਦਾ ਚਿੰਨ੍ਹ ਸਮਝਦੇ ਹਨ। ਹਰ ਸ਼ਰਧਾਲੂ ਦੇ ਮੂੰਹ 'ਤੇ ਇਹੀ ਅਰਦਾਸ ਹੁੰਦੀ ਹੈ :

ਮਾਤਾ ਰਾਣੀਏ, ਗੁਲਗੁਲੇ ਖਾਣੀਏ,
ਆਸ ਸਾਡੀ ਪੂਰੀ ਕਰਦੇ।

ਭਾਵੇਂ 'ਮਾਤਾ' ਬਾਰੇ ਲੋਕਾਂ ਦੇ ਮਨਾਂ ਵਿਚ ਪਹਿਲੋਂ ਜਿਹੇ ਭਰਮ ਨਹੀਂ ਰਹੇ ਪਰ ਇਸ ਮੇਲੇ ਦੀ ਰੌਣਕ ਵਿਚ ਕੋਈ ਬਹੁਤਾ ਫਰਕ ਨਹੀਂ ਪਿਆ। ਜਰਗ ਦੇ ਮੇਲੇ ਨਾਲ ਸੰਬੰਧਿਤ ਇਹ ਲੋਕ ਬੋਲੀਆਂ ਹਨ :

1. ਚੱਲ ਚਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੁੱਕ ਲਊਂ।
2. ਜੇਹਾ ਦੇਖਿਆ ਜਰਗ ਦਾ ਮੇਲਾ, ਜੇਹੀ ਤੇਰੀ ਗੁੱਤ ਦੇਖ ਲੀ।

'ਜਰਗ ਦਾ ਮੇਲਾ' ਕੇਵਲ ਪੰਜਾਬੀਆਂ ਦੇ ਮਨਾਂ ਵਿਚ ਸ਼ਰਧਾ ਦੀ ਭਾਵਨਾ ਹੀ ਨਹੀਂ ਜਗਾਉਂਦਾ ਸਗੋਂ ਇਸ ਨਾਲ ਉਨ੍ਹਾਂ ਦੇ ਮਨਾਂ ਵਿਚਲੀਆਂ ਕਈ ਹੋਰ ਕੁਤਕੁਤਾਰੀਆਂ ਵੀ ਜੁੜੀਆਂ ਹੋਈਆਂ ਹਨ।

**ਛਪਾਰ ਦਾ ਮੇਲਾ**

'ਛਪਾਰ ਦਾ ਮੇਲਾ' ਸ਼ਾਇਦ ਪੰਜਾਬ ਦੇ ਹੋਰ ਸਾਰਿਆਂ ਮੇਲਿਆਂ ਨਾਲੋਂ ਵਧੇਰੇ ਰੰਗੀਨ ਤੇ ਪੰਜਾਬੀਆਂ ਦੇ ਅਲਬੇਲੇ ਸੁਭਾਅ ਦੇ ਅਨੁਕੂਲ ਹੈ।

ਇਹ ਮੇਲਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਛਪਾਰ ਵਿਚ ਭਾਦਰੋਂ ਸੁਦੀ ਚੌਦਾਂ (ਅਨੰਤ ਚੌਦਸ) ਨੂੰ ਲਗਦਾ ਹੈ। ਇੱਥੇ ਪਿੰਡ ਦੀ ਦੱਖਣੀ ਗੁੱਠੇ ਗੁੱਗੇ ਪੀਰ ਦੀ ਇਕ ਮਾੜੀ ਹੈ ਜਿਸ ਦੀ ਗੁੱਗੇ ਦੇ ਭਗਤਾਂ ਨੇ, ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1890 ਬਿਕ੍ਰਮੀ ਵਿਚ, ਇੱਥੇ ਸਥਾਪਨਾ ਕੀਤੀ ਸੀ। ਉਦੋਂ ਤੋਂ ਹੀ ਇਹ ਮੇਲਾ ਚਲਿਆ ਆ ਰਿਹਾ ਹੈ।

ਇਹ ਮੇਲਾ ਗੁੰਗੇ ਜ਼ਾਹਿਰ ਪੀਰ ਹਿਤ ਸ਼ਰਧਾ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਗੁੱਗੇ ਦੀ ਮਾੜੀ ਲਾਗਿਓਂ ਸੱਤ ਵਾਰੀ ਮਿੱਟੀ ਕੱਢਦੇ ਹਨ। ਅਜਿਹਾ ਕਰਨ ਵਾਲੇ ਵਿਅਕਤੀ ਉਪਰ ਗੁੱਗੇ ਦੀ ਮੇਹਰ ਹੋ ਗਈ ਸਮਝੀ ਜਾਂਦੀ ਹੈ। ਇਸ ਮਿੱਟੀ ਨੂੰ ਸੱਪ ਨਾਲ ਡੰਗੇ ਥਾਂ ਦੀ ਸਿਹਤਯਾਬੀ ਲਈ ਗੁਣਕਾਰੀ ਸਮਝਿਆ ਜਾਂਦਾ ਹੈ। ਇਹ ਮੇਲਾ ਸਰਪ-ਪੂਜਾ ਦਾ ਪ੍ਰਤੀਕ ਹੈ। ਸ਼ਰਧਾਲੂ ਲੋਕ ਉਚੇਚੇ ਤੌਰ ਤੇ ਇਸ ਦਿਨ ਗੁੱਗੇ ਜ਼ਾਹਰ ਪੀਰ ਦੀ ਚੌਂਕੀ ਭਰਨ ਆਉਂਦੇ ਹਨ। ਬਾਲਮੀਕੀਆਂ ਵਿਚ ਗੁੱਗੇ ਦੀ ਬਹੁਤੀ ਮਾਨਤਾ ਹੈ। ਉਹ ਇਸ ਦਿਨ ਮੋਰ-ਪੰਖਾਂ ਦੇ ਝੰਡੇ ਹੱਥ ਵਿਚ ਫੜੀ ਉਚੇਚੇ ਤੌਰ 'ਤੇ ਆਪਣੀ ਸ਼ਰਧਾ ਦੇ ਫੁੱਲ ਪੇਸ਼ ਕਰਨ ਆਉਂਦੇ ਹਨ।

ਇਸ ਮੇਲੇ ਦੇ ਸ਼ਰਧਾ-ਮੁਖੀ ਪੱਖ ਨਾਲੋਂ ਇਕ ਹੋਰ ਪਹਿਲੂ ਵੀ ਕਿਸੇ ਤਰ੍ਹਾਂ ਵੀ ਘੱਟ ਮਹੱਤਵਪੂਰਨ ਨਹੀਂ। ਇਸ ਅਵਸਰ 'ਤੇ ਨਚਾਰਾਂ, ਨਕਲੀਆਂ ਤੇ ਟੋਲੀਆਂ ਬੰਨ੍ਹ ਕੇ ਬਿੱਦ-ਬਿੱਦ ਕੇ ਬੋਲੀਆਂ ਪਾਉਣ ਵਾਲੇ ਗੱਭਰੂਆਂ ਦਾ ਨਜ਼ਾਰਾ ਵਿਸ਼ੇਸ਼ ਤੌਰ 'ਤੇ ਵੇਖਣ ਯੋਗ ਹੁੰਦਾ ਹੈ। ਪੰਜਾਬ ਦੇ ਪ੍ਰਸਿੱਧ ਲੋਕ-ਨਾਚ ਗਿੱਧੇ ਨੂੰ ਇਸ ਮੇਲੇ ਦੀ ਉੱਘੀ ਦੇਣ ਸਮਝਿਆ ਜਾਂਦਾ ਹੇ। ਗਿੱਧੇ ਦੇ ਆਰੰਭ ਬਾਰੇ ਤਾਂ ਇਸ ਮਤਭੇਦ ਦੀ ਗੁੰਜਾਇਸ਼ ਵੀ ਹੋ ਸਕਦੀ ਹੈ ਪਰੰਤੂ ਇਸ ਤੱਥ ਤੋਂ ਕੋਈ ਵੀ ਬੰਦਾ ਮੁਨਕਰ ਨਹੀਂ ਹੋ ਸਕਦਾ ਕਿ ਗਿੱਧੇ ਦੇ ਪਿੜਾਂ ਵਿਚ ਪੈਣ ਵਾਲੀਆਂ ਬੋਲੀਆਂ ਨੂੰ ਇਸ ਮੇਲੇ ਨੇ ਬੜੀ ਅਮੀਰੀ ਬਖਸ਼ੀ ਹੈ। ਜਿਹੜੀ ਬੋਲੀ ਕਿਧਰੇ ਨਾ ਸੁਣੀ ਗਈ ਹੋਵੇ, ਉਹ ਇਥੇ ਜ਼ਰੂਰੀ ਸੁਣੀ ਜਾ ਸਕਦੀ ਹੈ। ਹੇਠ ਲਿਖੀ ਬੋਲੀ ਛਪਾਰ ਦੇ ਮੇਲੇ ਦੀ ਹੀ ਨਹੀਂ ਸਗੋਂ ਇਸ ਵਿਚ ਸ਼ਾਮਲ ਹੋਣ ਵਾਲੇ ਗੱਭਰੂਆਂ ਦੀ ਮੂੰਹ ਜ਼ੋਰ ਤੇ ਖਾੜਕੂ ਤਬੀਅਤ ਦੀ ਵੀ ਸੂਚਕ ਹੈ :

ਆਰੀ ਆਰੀ ਆਰੀ
ਮੇਲਾ ਤਾਂ ਛਪਾਰ ਲਗਦਾ, ਜਿਹੜਾ ਲਗਦਾ ਜਗਤ ਤੋਂ ਭਾਰੀ
ਕੱਠ ਮੁਸ਼ਟੰਡਿਆਂ ਦਾ, ਉੱਥੇ ਬੋਤਲਾਂ ਮੰਗਾਂ ਲੀਆਂ ਚਾਲੀ

ਤਿੰਨ ਸੇਰ ਸੋਨਾ ਚੁੱਕਿਆ, ਭਾਨ ਚੁੱਕ ਲੀ ਹੱਟੀ ਦੀ ਸਾਰੀ
ਰਤਨ ਸਿੰਘ ਕੱਕੜਾਂ ਦਾ, ਜੀਹਤੇ ਚੱਲਦੇ ਮੁਕੱਦਮੇ ਚਾਲੀ
ਠਾਣੇਦਾਰ ਤਿੰਨ ਚੜ੍ਹਗੇ, ਨਾਲ ਪੁਲਿਸ ਚੜ੍ਹੀ ਸਰਕਾਰੀ
ਈਸੂ ਧੂਰੀ ਦਾ, ਜਿਹੜਾ ਡਾਂਗ ਦਾ ਬਹਾਦਰ ਭਾਰੀ,
ਮੰਗੂ ਖੇੜੀ ਦਾ, ਪੁੱਠੇ ਹੱਥ ਦੀ ਗੰਡਾਸੀ ਮਾਰੀ,
ਠਾਣੇਦਾਰ ਇਉਂ ਡਿੱਗਿਆ, ਜਿਵੇਂ ਹੱਲ 'ਚੋਂ ਡਿਗੇ ਪੰਜਾਲੀ,
ਕਾਹਨੂੰ ਛੇੜੀ ਸੀ, ਨਾਗਾਂ ਦੀ ਪਟਿਆਰੀ।

**ਰੋਸ਼ਨੀ ਦਾ ਮੇਲਾ**

ਇਹ ਮੇਲਾ ਲੁਧਿਆਣਾ ਜ਼ਿਲੇ ਦੇ ਪ੍ਰਸਿੱਧ ਨਗਰ ਜਗਰਾਓਂ ਵਿਖੇ 14, 15, 16 ਫੱਗਣ ਨੂੰ ਪ੍ਰਸਿੱਧ ਸੂਫੀ ਫਕੀਰ ਅਬਦੁਲ ਕਾਦਰ ਜੀਲਾਨੀ ਦੀ ਮਜ਼ਾਰ ਉੱਪਰ ਲਗਦਾ ਹੈ। ਇਸ ਮੇਲੇ ਨੂੰ ਰੋਸ਼ਨੀ ਦਾ ਮੇਲਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਸ ਦਿਨ ਲੋਕ ਪੀਰ ਦੇ ਮਜ਼ਾਰ 'ਤੇ ਬਹੁਤ ਵੱਡੀ ਗਿਣਤੀ ਵਿਚ ਚਿਰਾਗ ਬਾਲਦੇ ਹਨ।

ਇਸ ਮੇਲੇ ਦਾ ਮੁੱਢ ਭਾਵੇਂ ਮੁਸਲਮਾਨੀ ਹੈ ਤੇ ਵੰਡ ਤੋਂ ਬਾਅਦ ਮੁਸਲਮਾਨਾਂ ਦੀ ਵਸੋਂ ਭਾਵੇਂ ਇਸ ਇਲਾਕੇ ਵਿਚ ਪਹਿਲਾਂ ਨਾਲੋਂ ਬਹੁਤ ਛਿਦਰੀ ਪੈ ਗਈ ਹੈ ਪਰ ਰੌਸ਼ਨੀ ਦੇ ਮੇਲੇ ਦੀ ਆਭਾ ਪੰਜਾਬ ਦੇ ਸਾਂਝੇ ਸਭਿਆਚਾਰ ਵਿਚ ਪਹਿਲਾਂ ਵਾਂਗ ਹੀ ਕਾਇਮ ਹੈ।

ਲੋਕ ਪਹਿਲੇ ਦਿਨ ਪੀਰ ਦੀ ਮਜ਼ਾਰ 'ਤੇ ਆਪੋ ਆਪਣੀ ਸੁੱਖਣਾ ਪੂਰੀ ਕਰਦੇ ਹਨ ਤੇ ਆਪਣੀਆਂ ਅਹੁਰਾਂ ਦੇ ਇਲਾਜ ਲਈ 'ਪੁੱਛਾਂ' ਪੁਆਉਂਦੇ ਹਨ। ਪਰ ਦੂਜੇ, ਤੀਜੇ ਦਿਨ ਇਹ ਮੇਲਾ ਆਪਣੀ ਧਾਰਮਿਕ ਕੁੰਜ ਲਾਹ ਕੇ ਅਸਲੋਂ ਹੀ ਲੌਕਿਕ ਦਿੱਖ ਧਾਰਨ ਕਰ ਲੈਂਦਾ ਹੈ। ਘੋਲ ਹੁੰਦੇ ਹਨ ਤੇ ਗੀਤ ਸੰਗੀਤ ਦੀਆਂ ਟੋਲੀਆਂ ਆਪੋ ਆਪਣੇ ਅਖਾੜੇ ਬੰਨ੍ਹ ਲੈਂਦੀਆਂ ਹਨ। ਛਪਾਰ ਦੇ ਮੇਲੇ ਵਾਗ ਹੀ ਇਥੇ ਵੀ ਬੋਲੀਆਂ ਪਾਉਣ ਵਾਲੀਆਂ ਢਾਣੀਆਂ ਆਪਣਾ ਪੂਰਾ ਠਾਠ ਬੰਨ੍ਹਦੀਆਂ ਹਨ।

ਰੌਸ਼ਨੀ ਦੇ ਮੇਲੇ ਬਾਰੇ ਕਈ ਲੋਕ-ਗੀਤ ਪ੍ਰਸਿੱਧ ਹਨ ਜਿਨ੍ਹਾਂ ਵਿੱਚੋਂ ਇਕ ਮਿਸਾਲ ਵਜੋਂ ਪੇਸ਼ ਹੈ :

ਆਰੀ ਆਰੀ ਆਰੀ
ਵਿਚ ਜਗਰਾਂਵਾਂ ਦੇ
ਬਈ ਲਗਦੀ ਰੋਸ਼ਨੀ ਭਾਰੀ
ਦੂਰੋਂ ਦੂਰੋਂ ਆਉਂਦੇ ਗੱਭਰੂ
ਘੋੜੇ ਊਠ ਸ਼ਿੰਗਾਰੀ।
ਲੰਮੇ ਚਾਦਰੇ ਕੁੰਡੀਆ ਮੁੱਛਾਂ,
ਮੋਢੇ ਡਾਂਗ ਉਲਾਰੀ
ਹੱਸਦੇ ਹੱਸਦੇ ਇਹ ਲੜ ਪੈਂਦੇ,
ਜ਼ੋਰ ਜਵਾਨੀ ਦੇ
ਕਰਦੇ ਬੜੀ ਖੁਆਰੀ।

**ਹੈਦਰ ਸ਼ੇਖ਼ ਦਾ ਮੇਲਾ**

ਇਹ ਮੇਲਾ ਸਾਈਂ ਹੈਦਰ ਸ਼ੇਖ਼ ਹੋਰਾਂ ਦੀ ਯਾਦ ਵਿਚ ਨਿਮਾਣੀ ਇਕਾਦਸ਼ੀ ਵਾਲੇ ਦਿਨ, ਇਸ ਤੋਂ ਇਕ ਦਿਨ ਪਹਿਲਾਂ ਤੇ ਇਕ ਦਿਨ ਮਗਰੋਂ ਲੱਗਦਾ ਹੈ। ਮੇਲੇ ਦਾ ਪੂਰਾ ਭਾਰ ਨਿਮਾਣੀ ਇਕਾਦਸ਼ੀ ਵਾਲੇ ਦਿਨ ਹੀ ਹੁੰਦਾ ਹੈ।

ਇਸ ਦਿਨ ਜਿਨ੍ਹਾਂ ਲੋਕਾਂ ਦੀਆਂ ਸੁੱਖਣਾਂ ਪੂਰੀਆਂ ਹੋਈਆਂ ਹੁੰਦੀਆਂ ਹਨ, ਉਹ ਇੱਥੇ ਹਾਜ਼ਰੀ ਭਰ ਕੇ ਕਾਲੇ ਕੁੱਕੜ ਜਾਂ ਬੱਕਰੇ ਭੇਟ ਕਰਦੇ ਹਨ। ਲੋਕਾਂ ਵਿਚਕਾਰ ਇਹ ਵਿਸ਼ਵਾਸ ਹੈ ਕਿ ਇਸ ਦਿਨ ਹੈਦਰ ਸ਼ੇਖ਼ ਹੋਰਾਂ ਦੇ ਮਕਬਰੇ 'ਤੇ ਰੋਟ ਚਾੜ੍ਹਨ ਨਾਲ 'ਛਾਇਆ' ਦੇ ਮੰਦੇ ਪ੍ਰਭਾਵ ਤੋਂ ਮੁਕਤੀ ਹੋ ਜਾਂਦੀ ਹੈ ਤੇ ਸਰੀਰ ਹਰ ਤਰ੍ਹਾਂ ਨਵਾਂ ਨਰੋਆ ਹੋ ਜਾਂਦਾ ਹੈ। ਬੇ-ਔਲਾਦ ਔਰਤਾਂ, ਇੱਥੇ ਔਲਾਦ ਦੀ ਪ੍ਰਾਪਤੀ ਲਈ ਉਚੇਰੇ ਤੌਰ 'ਤੇ ਸੁੱਖਣਾ ਸੁੱਖਣ ਆਉਂਦੀਆਂ ਹਨ। ਇਸ ਮੇਲੇ ਵਿਚ ਵੀ ਸਭਨਾਂ ਤਬਕਿਆਂ ਦੇ ਲੋਕ ਦੂਰ-ਦੁਰਾਡਿਓਂ ਆਉਂਦੇ ਹਨ।

**ਕੁਝ ਹੋਰ ਮੇਲੇ**

ਪੰਜਾਬ ਵਿਚ ਉਪਰੋਕਤ ਮੇਲਿਆਂ ਤੋਂ ਬਿਨਾਂ ਕੁਝ ਹੋਰ ਮੇਲੇ ਵੀ ਲਗਦੇ ਹਨ ਜਿਵੇਂ ਫਤਿਹਗੜ੍ਹ ਸਾਹਿਬ ਵਿਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਹੋਰਾਂ ਦੀ ਸ਼ਹੀਦੀ ਦੀ ਯਾਦ ਵਿਚ ਇਕ ਭਾਰੀ ਮੇਲਾ ਲਗਦਾ ਹੈ ਜੋ 'ਜੋੜ-ਮੇਲੇ' ਦੇ ਨਾਲ ਪ੍ਰਸਿੱਧ ਹੈ।

ਸ਼ਹੀਦੇ-ਆਜ਼ਮ ਭਗਤ ਸਿੰਘ ਹੋਰਾਂ ਦੀ ਯਾਦ ਵਿਚ ਉਹਨਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਉਨ੍ਹਾ ਦੇ ਸ਼ਹੀਦੀ ਦਿਨ 'ਤੇ ਇਕ ਮੇਲਾ ਲਗਦਾ ਹੈ। ਇਸ ਵਿਚ ਪ੍ਰਮੁੱਖ ਪਾਰਟੀਆਂ ਆਪੋ ਆਪਣੇ ਪਲੇਟ ਫਾਰਮ ਤੋਂ ਸ੍ਰ. ਭਗਤ ਸਿੰਘ ਨੂੰ ਉਚੇਚੇ ਤੌਰ 'ਤੇ 'ਆਪਦਾ' ਸਿੱਧ ਕਰਨ ਦਾ ਯਤਨ ਕਰਦੀਆਂ ਹਨ।

ਮੰਢਾਲੀ (ਜ਼ਿਲ੍ਹਾ ਜਲੰਧਰ) ਵਿਖੇ ਅੱਧ ਹਾੜ੍ਹ ਨੂੰ ਸਾਈਂ ਅਬਦੁੱਲੇ ਸ਼ਾਹ ਦੇ ਰੋਜ਼ੇ 'ਤੇ ਇਕ ਭਾਰੀ ਮੇਲਾ ਲਗਦਾ ਹੈ। ਇਸ ਵਿਚ ਦੇਸ਼ ਦੇ ਦੂਰ-ਦੁਰਾਡੇ ਭਾਗਾਂ ਅਤੇ ਕਈ ਵਾਰ ਵਾਘਿਓਂ ਪਾਰ ਦੇ 'ਕੱਵਾਲ' ਵੀ ਆਪਣੀ ਕਲਾ ਦੁਆਰਾ ਸਾਈਂ ਜੀ ਨੂੰ ਖਿਰਾਜ-ਇ-ਅਕੀਦਤ ਭੇਟ ਕਰਨ ਲਈ ਉਨ੍ਹਾ ਦੀ ਚੌਂਕੀ ਭਰਨ ਲਈ ਹਾਜ਼ਰ ਹੁੰਦੇ ਹਨ।

ਪੰਜਾਬ ਵਿਚ ਕੁਝ ਮੇਲੇ ਨਾਥਾਂ-ਸਿੱਧਾਂ ਨਾਲ ਵੀ ਸੰਬੰਧਤ ਹਨ। ਅਬੋਹਰ ਵਿਖੇ ਚੌਰੰਗੀ ਨਾਥ ਦੀ ਧੂਣੀ ਉਤੇ ਇਕ ਅਜਿਹਾ ਹੀ ਮੇਲਾ ਲਗਦਾ ਹੈ।

ਪੰਜਾਬੀਆਂ ਦੀ ਮੇਲਿਆਂ ਵਿਚ ਦਿਲਚਸਪੀ ਖੇਤਰੀ ਸੀਮਾਵਾ ਤੇ ਹੱਦ-ਬੰਨ੍ਹੇ ਨਹੀਂ ਮੰਨਦੀ। ਮਨਸਾ ਦੇਵੀ, ਨੈਣਾ ਦੇਵੀ, ਚਿੰਤਪੁਰਨੀ, ਜਵਾਲਾ ਜੀ ਤੇ ਹਰਿਦੁਆਰ ਦੇ ਕੁੰਭ ਮੇਲੇ ਵਿਚ ਪੰਜਾਬੀ ਕਾਫੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ।

ਸੱਚੀ ਗੱਲ ਤਾਂ ਇਹ ਹੈ ਕਿ ਉਪਰੋਕਤ ਵਡੇਰੇ ਤੇ ਸਾਂਝੇ ਮੇਲਿਆਂ ਬਿਨਾਂ ਪੰਜਾਬ ਦੇ ਹਰ ਗਿਣਤੀ ਯੋਗ ਪਿੰਡ ਦਾ, ਕੋਈ ਨਾ ਕੋਈ ਛੋਟਾ ਵੱਡਾ ਆਪਣਾ ਮੇਲਾ ਮੁਸਾਹਬਾ ਜ਼ਰੂਰ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਪਿੰਡ ਢੰਦਵਾਲ (ਜ਼ਿਲ੍ਹਾ ਜਲੰਧਰ) ਵਿਖੇ 13 ਪੋਹ ਨੂੰ 'ਬਾਬਾ ਨੰਦ ਗਿਰੀ' ਦੀ ਯਾਦ ਵਿਚ ਇਕ ਕਾਫੀ ਭਰਵਾਂ ਮੇਲਾ ਲਗਦਾ ਹੈ ਜਿਸ ਵਿਚ ਆਪਣੀ ਘਰੀਂ ਪੁੱਤਰਾਂ ਦੀ ਦਾਤ ਦੀ ਬਖਸ਼ਿਸ਼ ਹਿੱਤ ਸੁੱਖੀ ਸੁੱਖਣਾ ਉਤਾਰਨ ਲਈ ਲੋਕ ਬਾਬੇ ਦੇ ਮੰਦਰ 'ਤੇ ਝੰਡੇ ਚੜ੍ਹਾਉਂਦੇ ਹਨ। ਕਾਫੀ ਵੱਡਾ ਜੱਗ ਹੁੰਦਾ ਹੈ ਤੇ ਲੌਢੇ ਪਹਿਰ ਤੋਂ ਮਗਰੋਂ ਗਾਇਕ, ਨਕਲੀਏ ਜਾ ਰਾਸ ਧਾਰੀਏ ਆਪੋ ਆਪਣੀਆਂ ਕਲਾਵਾਂ ਦੇ ਜੌਹਰ ਦਿਖਾਉਂਦੇ ਹਨ।

ਰੂਪੋਵਾਲ ਜਿਹੇ ਪਿੰਡ ਵਿਚ ਪੈਣੀ ਵਾਲਿਆਂ ਭਾਰੀਆਂ ਛਿੰਝਾਂ ਦੀ ਨੁਹਾਰ ਵੀ ਕਿਸੇ ਪਹਿਲੂ ਤੋਂ ਭਾਰੇ ਮੇਲੇ ਨਾਲੋਂ ਘੱਟ ਨਹੀ਼ ਹੁੰਦੀ।

**ਨਵੇਂ ਝੁਕਾਅ**

ਪਿਛਲੇ ਕੁਝ ਸਮਿਆਂ ਤੋਂ ਪੰਜਾਬ ਦੇ ਸਭਿਆਚਾਰਕ ਖੇਤਰ ਵਿਚ ਵਾਪਰੀਆਂ ਤਬਦੀਲੀਆਂ ਕਾਰਨ ਇਥੋਂ ਦੇ ਮੇਲਿਆਂ ਵਿਚ ਕੁਝ ਨਵੇਂ ਝੁਕਾਅ ਹੀ ਵੇਖਣ ਵਿਚ ਨਹੀਂ ਆਏ, ਸਗੋਂ ਕੁਝ ਅਸਲੋਂ ਹੀ ਨਵੇਂ ਮੇਲਿਆਂ ਦੇ ਨਕਸ਼ੇ ਨਿੱਖਰਦੇ ਵੀ ਨਜ਼ਰ ਆਏ ਹਨ। ਇਨ੍ਹਾਂ ਮੇਲਿਆਂ ਵਿਚ ਇਕ ਕਿਲ੍ਹਾ ਰਾਇਪੁਰ ਵਿਖੇ ਹੋਣ ਵਾਲਾ ਸਾਲਾਨਾ ਖੇਡ ਮੇਲਾ ਹੈ। ਪ੍ਰੋ. ਮੋਹਨ ਸਿੰਘ ਯਾਂਦਗਰੀ ਕਮੇਟੀ ਵਲੋਂ ਉਨ੍ਹਾ ਦੇ ਜਨਮ ਦਿਨ 'ਤੇ ਮਨਾਇਆ ਜਾਣ ਵਾਲਾ ਸਭਿਆਚਾਰਕ ਮੇਲਾ ਵੀ ਇਕ ਵਾਰਸ਼ਿਕ ਵਰਤਾਰਾ ਹੀ ਬਣਦਾ ਜਾ ਰਿਹਾ ਹੈ। ਮਾਰਚ ਦੇ ਆਖਰੀ ਹਫਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਲੁਧਿਆਣਾ) ਵੱਲੋਂ ਹਰ ਵਰ੍ਹੇ ਲਾਏ ਜਾਣ ਵਾਲੇ 'ਕਿਸਾਨ ਮੇਲੇ' ਵਿਚ ਗਿਆਨ ਤੇ ਸਭਿਆਚਾਰਕ ਸਰਗਰਮੀਆਂ ਦੀ ਜਿਹੜੀ ਸੁੰਦਰ ਮਿੱਸ ਵੇਖਣ ਵਿਚ ਆਉਂਦੀ ਹੈ, ਉਸਦਾ ਆਕਰਸ਼ਣ ਵੀ ਕਿਸੇ ਰਵਾਇਤੀ ਮੇਲੇ ਤੋਂ ਘੱਟ ਨਹੀਂ ਹੁੰਦਾ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰੱਖਣ ਦੇ ਨਾਲ ਨਾਲ ਪੰਜਾਬ ਵਿਚ ਅਜੋਕੇ ਸਮੇਂ ਦੀ ਰਫਤਾਰ ਦੇ ਨਾਲ ਵਰ ਮੇਚਣ ਦੇ ਸਮਰੱਥ ਇਕ ਨਵਾਂ ਮੇਲਾ ਸਭਿਆਚਾਰ ਵੀ ਵਿਕਸਿਤ ਹੋ ਰਿਹਾ ਹੈ।

**ਤਿਉਹਾਰ**

ਤਿਉਹਾਰਾਂ ਦਾ ਸੰਬੰਧ, ਅਸੀਂ ਪਹਿਲਾਂ ਹੀ ਦੱਸ ਆਏ ਹਾਂ, ਦੇਸੀ ਕੈਲੰਡਰ ਅਨੁਸਾਰ ਆਉਣ ਵਾਲੀਆਂ ਤਿੱਥਾਂ, ਮਹੀਨਿਆਂ ਅਤੇ ਰੁੱਤਾਂ ਨਾਲ ਹੁੰਦਾ ਹੈ। ਪੰਚਮੀ, ਸੱਤੇ, ਇਕਾਦਸ਼ੀ, ਦੁਆਦਸ਼ੀ, ਪੁੰਨਿਆ, ਮੱਸਿਆ ਤੇ ਸੰਗਰਾਂਦ ਆਦਿ ਦੀਆਂ ਤਿਥੀਆਂ ਹਰ ਮਹੀਨੇ ਆਈਆਂ ਹੀ ਰਹਿੰਦੀਆਂ ਹਨ ਤੇ ਇਹਨਾਂ ਵਿਚੋਂ ਹਰ ਇਕ ਦੀ ਥੋੜ੍ਹੀ ਬਹੁਤ ਤਿਉਹਾਰੀ ਮਹੱਤਤਾ ਵੀ ਹੁੰਦੀ ਹੈ। ਪਰ ਇਨ੍ਹਾਂ ਵਿਚ ਕੁਝ ਕੁ ਅਜਿਹੀਆਂ ਹਨ ਜੋ ਮੁਕਾਬਲਤਨ ਵਧੇਰੇ ਮਹੱਤਤਾ ਵਾਲੇ ਤਿਉਹਾਰਾਂ

ਤੇ ਮੇਲਿਆਂ ਦੀਆਂ ਸੂਚਕ ਹੁੰਦੀਆਂ ਹਨ। ਇੱਥੇ ਅਸੀ਼ ਕੇਵਲ ਇਨ੍ਹਾਂ ਦਾ ਹੀ ਸੰਖੇਪ ਵਰਨਣ ਕਰਾਗੇ।

ਪਿੰਡਾਂ ਦੇ ਲੋਕਾਂ ਦੇ ਦੇਸੀ ਹਿਸਾਬ ਵਾਲਾ ਵਰ੍ਹਾ ਚੇਤ ਦੀ ਏਕਮ ਤੋਂ ਅਰੰਭ ਹੁੰਦਾ ਹੈ ਤੇ ਇਸੇ ਦਿਨ ਪੰਜਾਬ ਦਾ ਪਹਿਲਾ ਤਿਉਹਾਰ 'ਨਵਾਂ ਸੰਮਤ' ਹੁੰਦਾ ਹੈ। ਇਹ ਇਕ ਤਰ੍ਹਾਂ ਨਾਲ ਦੇਸੀ 'ਨਿਊ ਯੀਅਰ ਡੇ' ਹੁੰਦਾ ਹੈ। ਸੋ ਅਸੀਂ ਦੇਖਦੇ ਹਾਂ ਕਿ ਪੰਜਾਬੀਆਂ ਲਈ ਸਾਲ ਦੀ ਸ਼ੁਰੂਆਤ ਹੀ ਤਿਉਹਾਰ ਤੋਂ ਹੁੰਦੀ ਹੈ। ਇਸ ਤਿਉਹਾਰ ਨੂੰ ਕੋਈ ਮੇਲਾ-ਮੁਸਾਹਬਾ ਨਹੀਂ ਹੁੰਦਾ ਸਗੋਂ ਇਹ ਹਰ ਪਿੰਡ ਵਿਚ ਸਥਾਨਕ, ਸਗੋਂ ਹੋਰ ਵੀ ਵਧੇਰੇ ਨਿਸ਼ਚਿਤ ਅਰਥਾਂ ਵਿਚ, ਕੇਵਲ ਪਰਿਵਾਰਕ ਪੱਧਰ 'ਤੇ ਹੀ ਮਨਾਇਆ ਜਾਂਦਾ ਹੈ। ਇਸ ਦਿਨ 'ਅੰਨ ਨਵਾਂ' ਕਰਨ ਦੀ ਰਸਮ ਅਦਾ ਕੀਤੀ ਜਾਂਦੀ ਹੈ। ਖੇਤਾਂ ਵਿਚੋਂ ਹਰੇ ਛਲਿਆਂ ਦੇ ਜਾੜ ਲਿਆ ਕੇ ਮਚਦੀ ਅੱਗ 'ਤੇ ਹੋਲਾਂ ਭੁੰਨ ਕੇ ਖਾਧੀਆਂ ਜਾਂਦੀਆਂ ਹਨ। ਮੁੰਡੇ-ਖੁੰਡੇ ਬਾਹਰ ਹੀ ਛਿੰਘਾਂ ਦੀ ਢੇਰੀ ਨੂੰ ਤੀਲ੍ਹੀ ਲਾ ਕੇ ਗੋਲ ਦਾਇਰੇ ਵਿਚ ਬਹਿ ਕੇ ਹੋਲਾਂ ਖਾਂਦੇ ਹਨ। ਤ੍ਰਿਕਾਲਾਂ ਵੇਲੇ ਮਿੱਠਾ ਦਲੀਆ ਜਾਂ ਚੌਲ ਵੀ ਰਿੰਨ੍ਹ ਲਏ ਜਾਂਦੇ ਹਨ।

ਚੇਤ ਸੁਦੀ ਅੱਠਵੀਂ ਨੂੰ ਪੰਜਾਬ ਦੇ ਲੋਕਾਂ ਵਿਚ ਕੰਜਕਾਂ ਬਿਠਾਉਣ ਦਾ ਰਿਵਾਜ ਹੈ। ਇਸ ਦਿਨ ਪੰਜ ਜਾਂ ਸੱਤ ਕੰਜਕਾਂ ਨੂੰ ਬੜੀ ਸ਼ਰਧਾ ਨਾਲ, ਉਨ੍ਹਾਂ ਦੇ ਪੈਰ ਧੋ ਕੇ ਭੋਜਨ ਛਕਾਇਆ ਜਾਂਦਾ ਹੈ। ਕਈ ਥਾਈਂ ਕੰਜਕਾਂ ਦੇ ਨਾਲ ਇਕ ਨਿੱਕਾ ਮੁੰਡਾ ਸੱਦਣ ਦਾ ਵੀ ਰਿਵਾਜ ਹੈ। ਇਸ ਮੁੰਡੇ ਨੂੰ ਮੂੰਡਕ ਕਿਹਾ ਜਾਂਦਾ ਹੈ। ਇਹ ਰਿਵਾਜ ਸ਼ਾਇਦ ਕਿਸੇ ਅੜੀਅਲ ਮੁੰਡੇ ਦੇ ਕੰਜਕਾਂ ਦੇ ਨਾਲ ਰੋਟੀ ਖਾਣ ਦੀ ਜ਼ਿੱਦ ਮਗਰੋਂ ਚੱਲਿਆ ਹੋਵੇ। ਦੇਵੀ ਦੇ ਉਪਾਸ਼ਕ ਕਵਾਰੀਆਂ ਕੁੜੀਆਂ ਨੂੰ ਦੇਵੀ ਦਾ ਰੂਪ ਸਮਝਕੇ ਹੀ ਪੂਜਦੇ ਹਨ। ਪਰਸ਼ਾਦੇ ਛਕਾਉਣ ਤੋਂ ਮਗਰੋਂ ਉਹਨਾਂ ਨੂੰ ਨਗਦੀ ਦੇ ਰੂਪ ਵਿਚ ਥੋੜ੍ਹੀ ਬਹੁਤ ਦੱਛਣਾ ਵੀ ਦਿੱਤੀ ਜਾਂਦੀ ਹੈ।

ਚੇਤ ਦੀ ਸੁਦੀ ਨੌਵੀਂ ਨੂੰ ਰਾਮ ਜੀ ਦੇ ਜਨਮ ਦੇ ਅਵਸਰ 'ਤੇ 'ਰਾਮਨੌਮੀ' ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਦਿਨ ਰਾਮ ਭਗਤ, ਰਾਮ ਜੀ ਦੀ ਮਹਿਮਾ ਵਿਚ ਭਜਨ ਦਾ ਗਾਇਨ ਕਰਦੇ ਹਨ। ਅੰਮ੍ਰਿਤਸਰ ਦੇ ਨੇੜੇ ਰਾਮ ਤੀਰਥ ਦੇ ਅਸਥਾਨ 'ਤੇ ਇਸ ਦਿਨ ਕਾਫੀ ਰੌਣਕ ਹੁੰਦੀ ਹੈ। ਜੇਠ ਦੀ ਇਕਾਦਸ਼ੀ ਨੂੰ ਨਿਰਜਲਾ ਇਕਾਦਸ਼ੀ ਹੁੰਦੀ ਹੈ। ਇਸ ਦਿਨ ਕੁਝ ਸ਼ਰਧਾਲੂ ਹਿੰਦ, ਨਿਰਜਲਾ ਵਰਤ ਰਖਦੇ ਹਨ। ਤਪਦੀਆਂ ਲੂਆਂ ਦੀ ਰੁੱਤ ਕਾਰਨ ਪਿਆਸ ਨਾਲ ਮੂੰਹ ਸੁੱਕਾ ਹੀ ਰਹਿੰਦਾ ਹੈ। ਇਸ ਲਈ ਇਨ੍ਹੀਂ ਦਿਨੀਂ ਨਿਰਜਲਾ ਵਰਤ ਨਿਭਾਉਣਾ ਕਾਫੀ ਮਹਾਤਮ ਸਮਝਿਆ ਜਾਦਾ ਹੈ। ਇਸ ਲਈ ਸ਼ਰਧਾਲੂਆਂ ਵੱਲੋਂ ਥਾਂ ਹਰ ਥਾਂ ਮਿੱਠੇ ਪਾਣੀ ਦੀਆਂ ਛਬੀਲਾਂ ਦਾ ਕਾਫੀ ਵਿਆਪਕ ਪੈਮਾਨੇ 'ਤੇ ਪ੍ਰਬੰਧ ਕੀਤਾ ਜਾਂਦਾ ਹੇ। ਇਸ ਤਿਉਹਾਰ 'ਤੇ ਰੱਜਵੇਂ ਖਰਬੂਜੇ ਖਾਣ ਦਾ ਵੀ ਆਮ ਰਿਵਾਜ ਹੈ।

**ਵਿਸਾਖੀ**

ਵਿਸਾਖੀ ਨੂੰ ਪੰਜਾਬੀਆਂ ਦਾ ਕੌਮੀ ਤਿਉਹਾਰ ਹੋਣ ਦਾ ਮਾਣ ਪ੍ਰਾਪਤ ਹੈ। ਇਸ ਤਿਉਹਾਰ ਦਾ ਸੰਬੰਧ ਕਣਕਾਂ ਦੇ ਪੱਕਣ ਨਾਲ ਹੈ। ਅੱਜ ਕੱਲ੍ਹ ਤਾ ਫਸਲਾਂ ਦੇ ਗੇੜ ਵਿਚ ਕਾਫੀ ਤਬਦੀਲੀ ਆ ਗਈ ਹੈ। ਪੁਰਾਣੀਆਂ ਕਣਕਾਂ ਵਿਸਾਖੀ ਨੇੜੇ-ਤੇੜੇ ਪੱਕ ਜਾਂਦੀਆਂ ਸਨ। ਇਸ ਦਿਨ ਕਣਕ, ਜੌਆਂ ਜਾਂ ਛੋਲਿਆਂ ਦੀ ਫਸਲ ਨੂੰ 'ਦਾਤੀ ਪਾਉਣ' ਦਾ ਸ਼ਗਨ ਵੀ ਕੀਤਾ ਜਾਂਦਾ ਹੈ। ਵਿਸਾਖੀ ਦਾ ਤਿਉਹਾਰ ਨਵੀਂ ਫਸਲ ਘਰ ਆਉਣ ਦੇ ਚਾਅ ਵਿਚ ਪੰਜਾਬ ਦੇ ਕਿਸਾਨ ਕਾਫੀ ਜੋਸ਼ ਨਾਲ ਮਨਾਉਦੇ ਹਨ। ਇਹ ਤਿਉਹਾਰ ਹਰ ਸਾਲ 13 ਅਪ੍ਰੈਲ ਨੂੰ ਆਉਂਦਾ ਹੈ। ਇਸ ਤਿਉਹਾਰ ਦਾ ਸਥਾਨਕ ਨਾਂ ਵਸੋਆ ਹੈ। ਵਸੋਏ ਦਾ ਕਾਫੀ ਭਰਵਾਂ ਮੇਲਾ, ਸੰਗ ਢੇਸੀਆਂ (ਜ਼ਿਲ੍ਹਾ ਜਲੰਧਰ) ਵਿਖੇ ਲਗਦਾ ਹੈ।

ਪੰਜਾਬ ਦਾ ਸੁਪ੍ਰਸਿੱਧ ਲੋਕ-ਨਾਚ ਭੰਗੜਾ ਪੰਜਾਬੀਆਂ ਨੂੰ ਇਸੇ ਤਿਉਹਾਰ ਦੀ ਦੇਣ ਹੈ।

ਇਸ ਤਿਉਹਾਰ ਦੀ ਧਾਰਮਕ ਤੇ ਇਤਿਹਾਸਕ ਮਹੱਤਤਾ ਵੀ ਬਹੁਤ ਹੈ। ਇਸੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਵਿਚ ਪੰਜ ਪਿਆਰਿਆਂ ਨੂੰ ਖੰਡੇਧਾਰ ਅੰਮ੍ਰਿਤ ਦੀ ਪਾਹੁਲ ਛਕਾ ਕੇ ਖਾਲਸਾ ਸਾਜਿਆ ਸੀ। ਇਸ ਲਈ ਇਸ ਦਿਨ ਪੰਜਾਬ ਭਰ ਦੇ ਗੁਰਦੁਆਰਿਆਂ ਵਿਚ ਵਿਸ੍ਰੇਸ਼ ਦੀਵਾਨ ਸਜਾਏ ਜਾਂਦੇ ਹਨ। ਤਲਵੰਡੀ ਸਾਬੋ (ਦਮਦਮਾ ਸਾਹਿਬ) ਦੀ ਵਿਸਾਖੀ ਖਾਸ ਤੌਰ 'ਤੇ ਪ੍ਰਸਿੱਧ ਹੈ।

**ਤੀਆਂ**

ਹੋਰ ਤਿਉਹਾਰ ਤਾਂ ਥੋੜ੍ਹੇ ਬਹੁਤੇ ਅੰਤਰ ਨਾਲ ਹੋਰ ਕਿਧਰੇ ਵੀ ਮਨਾਏ ਜਾਂਦੇ ਹੋਣਗੇ ਪਰੰਤੂ ਤੀਆਂ ਪੰਜਾਬ ਦਾ ਨਿਰੋਲ ਆਪਣਾ ਤਿਉਹਾਰ ਹੈ। ਪੰਜਾਬ ਵਿਚੋਂ ਵੀ ਮਾਲਵੇ ਦੇ ਇਲਾਕੇ ਵਿਚ ਇਹ ਤਿਉਹਾਰ ਸਭ ਤੋਂ ਵਧੇਰੇ ਗਰਮ ਜੋਸ਼ੀ ਨਾਲ ਮਨਾਇਆ ਜਾਂਦਾ ਹੈ।

ਤੀਆਂ ਦਾ ਤਿਉਹਾਰ ਸਾਉਣ ਸੁਦੀ ਤੀਜ ਨੂੰ ਆਉਂਦਾ ਹੈ। ਸਾਵਣ, ਭਰ ਬਰਸਾਤ ਦਾ ਮਹੀਨਾ ਹੁੰਦਾ ਹੈ। ਪ੍ਰਕਿਰਤੀ ਆਪਣੇ ਪੂਰੇ ਨਿਖਾਰ ਵਿਚ ਹੁੰਦੀ ਹੈ। ਇਸ ਨਿਖਾਰ ਦਾ ਪ੍ਰਤਿਬਿੰਬ ਮਨੁੱਖੀ ਮਨਾਂ 'ਤੇ ਵੀ ਛਾ ਜਾਂਦਾ ਹੈ।

ਤੀਆਂ ਦੇ ਤਿਉਹਾਰ ਦੀ ਇਕ ਅੱਡਰੀ, ਨਿਆਰੀ ਵਿਸ਼ੇਸ਼ਤਾ ਇਹ ਵੀ ਹੈ ਕਿ ਹੋਰ ਤਿਉਹਾਰਾਂ ਵਿਚ ਵੀ ਭਾਵੇਂ ਕੁੜੀਆਂ ਦੀ ਸ਼ਮੂਲੀਅਤ ਦੀ ਖੁੱਲ੍ਹ ਹੁੰਦੀ ਹੈ ਪਰੰਤੂ ਤੀਆਂ ਦਾ ਤਿਉਹਾਰ ਤਾਂ ਹੁੰਦਾ ਹੀ ਨਿਰੋਲ ਕੁੜੀਆਂ ਦਾ ਹੈ। ਕੁੜੀਆਂ ਵਿਚੋਂ ਵੀ ਵਿਆਹੀਆਂ ਹੋਈਆਂ ਕੁੜੀਆਂ ਦੀ ਇਸ ਤਿਉਹਾਰ ਵਿਚ ਪ੍ਰਧਾਨਤਾ ਹੁੰਦੀ ਹੈ।

ਇਕ ਮੌਕੇ ਵੀਰ ਆਪਣੀਆਂ ਭੈਣਾਂ ਨੂੰ ਸਹੁਰਿਆਂ ਤੋਂ ਉਚੇਚੇ ਤੌਰ 'ਤੇ ਲੈਣ ਜਾਂਦੇ ਹਨ। ਜਿਹੜੀਆਂ ਕੁੜੀਆਂ ਕਿਸੇ ਖਾਸ ਕਾਰਨ ਪੇਕੀ ਨਾ ਆ ਸਕਦੀਆਂ ਹੋਣ, ਉਨ੍ਹਾਂ ਨੂੰ ਵੀਰਾਂ ਦੇ ਹੱਥ ਉਨ੍ਹਾਂ ਦੇ ਸਹੁਰੇ ਪਿੰਡ ਹੀ ਸੰਧਾਰੇ ਭੇਜੇ ਜਾਂਦੇ ਹਨ।

ਤੀਆਂ ਤੋਂ ਪਹਿਲੀ ਸ਼ਾਮ ਵੇਲੇ ਕੁੜੀਆਂ ਆਪਣੀ ਹੱਥੀਂ ਬੜੇ ਸ਼ੌਕ ਨਾਲ ਮਹਿੰਦੀ ਲਾਉਂਦੀਆਂ ਹਨ। ਭਾਂਤ ਸੁਭਾਂਤੀਆ ਵੰਗਾਂ ਤੇ ਬਲੌਰ ਪਹਿਨ ਕੇ ਨਵੇਂ ਕੱਪੜੇ ਪਾਉਂਦੀਆਂ ਹਨ। ਤੀਜ ਵਾਲੇ ਦਿਨ ਦਰਖਤ, ਮੁਟਿਆਰਾਂ ਦੀਆਂ ਪੀਂਘਾਂ ਦੇ ਹੁਲਾਰੇ ਨਾਲ ਝੂਮ ਉਠਦੇ ਹਨ। ਲੋਹੜੇ ਦਾ ਗਿੱਧਾ ਪੈਂਦਾ ਹੈ।

ਸਾਉਣ ਦੇ ਮਹੀਨੇ ਵਿਚ ਆਮ ਕਰਕੇ ਅਤੇ ਤੀਆਂ ਦੇ ਤਿਉਹਾਰ ਦੇ ਦੌਰਾਨ ਖਾਸ ਕਰ ਕੇ ਖੀਰ-ਪੂੜੇ ਤੇ ਹੋਰ ਪਕਵਾਨ ਪਕਾਏ ਜਾਂਦੇ ਹਨ। ਕੁੜੀਆਂ ਨਾਲ ਆਏ ਜੁਆਈਆਂ ਦੀ ਵੀ ਉਚੇਰੀ ਸੇਵਾ ਕੀਤੀ ਜਾਂਦੀ ਹੈ।

**ਰੱਖੜੀ**

ਸਾਉਣ ਦੀ ਹੀ ਪੂਰਨਮਾਸ਼ੀ ਨੂੰ ਰੱਖੜੀ ਦਾ ਤਿਉਹਾਰ ਹੁੰਦਾ ਹੈ। ਇਨ੍ਹੀਂ ਦਿਨੀਂ ਭੈਣਾਂ ਆਪਣੇ ਭਰਾਵਾਂ ਕੋਲ ਪਹੁੰਚ ਕੇ, ਉਨ੍ਹਾਂ ਦੇ ਗੁੱਟਾਂ ਨਾਲ ਆਪਣੇ ਹੱਥੀਂ ਪਸ਼ਮ ਦੀਆਂ ਬਣਾਈਆਂ ਫੂੰਦੀਆਂ ਵਾਲੀਆਂ ਰੱਖੜੀਆਂ ਬੰਨ੍ਹਦੀਆਂ ਸਨ। ਅੱਜ ਕੱਲ੍ਹ ਤਾਂ ਬਣੀਆਂ ਬਣਾਈਆਂ ਵੰਨ-ਸੁਵੰਨੀਆਂ ਬਾਜ਼ਾਰੀ ਰੱਖੜੀਆਂ ਮਿਲਣ ਲੱਗ ਪਈਆਂ ਹਨ। ਹਰ ਭਰਾ ਆਪਣੀ ਪਰੋਖੋਂ ਅਨੁਸਾਰ ਸ਼ਗਨ ਵਜੋਂ ਭੈਣਾਂ ਨੂੰ ਕੁਝ ਪੈਸੇ ਦਿੰਦਾ ਹੈ।

ਇਸ ਤਿਉਹਾਰ ਨੂੰ ਰਖਸ਼ਾ-ਬੰਧਨ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਪੁਰਾਣਿਆਂ ਸਮਿਆਂ ਵਿਚ ਭੈਣਾਂ ਜੰਗ 'ਤੇ ਜਾ ਰਹੇ ਵੀਰਾਂ ਦੀ ਰਾਖੀ ਲਈ ਦੁਆ ਕਰਦੀਆਂ, ਉਨ੍ਹਾਂ ਦੇ ਗੁੱਟ 'ਤੇ ਰੱਖੜੀਆਂ ਬੰਨ੍ਹਦੀਆਂ ਸਨ।

**ਗੁੱਗਾ ਨੌਮੀਂ**

ਗੁੱਗਾ ਨੌਮੀਂ ਗੁੱਗੇ ਦਾ ਤਿਉਹਾਰ ਹੈ ਜਿਸ ਨੂੰ ਆਦਰ ਵਜੋਂ 'ਗੁੱਗਾ ਜ਼ਾਹਰ ਪੀਰ' ਵੀ ਕਿਹਾ ਜਾਂਦਾ ਹੈ। ਗੁੱਗੇ ਦਾ ਤਿਉਹਾਰ ਸਰਪ-ਪੂਜਾ ਦਾ ਹੀ ਇਕ ਰੂਪਾਂਤਰ ਮਾਤਰ ਪ੍ਰਤੀਤ ਹੁੰਦਾ ਹੈ। ਇਸ ਦਿਨ 'ਛਪਾਰ ਦਾ ਮੇਲਾ' ਲਗਦਾ ਹੈ ਜਿਸ ਦਾ ਵੇਰਵੇ ਭਰਪੂਰ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ।

ਇਕ ਵਿਸ਼ਵਾਸ ਅਨੁਸਾਰ ਗੁੱਗਾ ਇਕ ਰਾਜਪੂਤ ਸੂਰਮਾ ਸੀ ਜਿਸ ਦੇ ਨਾਉਂ ਨਾਲ ਕਈ ਬੀਰ-ਕਥਾਵਾਂ ਜੁੜੀਆਂ ਹੋਈਆਂ ਹਨ। ਸੋਹਿੰਦਰ ਸਿੰਘ ਬੇਦੀ ਅਨੁਸਾਰ, ''ਜਾਪਦਾ ਹੈ ਕਿ ਗੁੱਗਾ ਕੋਈ ਰਾਜਪੂਤ ਯੋਧਾ ਸੀ ਜਿਸ ਨੇ ਕੁਝ ਲੜਾਈਆਂ ਆਪਣੇ ਕਬੀਲੇ ਦੇ ਲੋਕਾਂ ਨਾਲ ਲੜੀਆਂ, ਕੁਝ ਬਾਹਰੋਂ ਆਏ ਮੁਸਲਮਾਨ ਧਾੜਵੀਆਂ ਨਾਲ। ਇਸਦੀ ਵੀਰ-ਗਾਥਾ ਉੱਤੇ ਪਿਛੋਂ ਮੁਸਲਮਾਨੀ ਰੰਗ ਚਾੜ੍ਹ ਦਿੱਤਾ ਗਿਆ। ਸਮੇਂ ਦੇ ਬੀਤਣ ਨਾਲ ਲੋਕਧਾਰਾ ਦੇ ਅਨੇਕਾਂ ਤੱਤ ਇਸ ਕਥਾ ਵਿਚ ਸਮਾ ਗਏ। ਹੌਲੀ ਹੌਲੀ ਪਿੱਛੋਂ ਗੁੱਗੇ ਨੂੰ ਸਰਪ-ਪੂਜਾ ਨਾਲ ਜੋੜ ਲਿਆ ਗਿਆ।''

ਇਸ ਦਿਨ ਸੱਪਾਂ ਦੀਆਂ ਬਰਮੀਆਂ 'ਤੇ ਕੱਚੀ ਲੱਸੀ ਅਤੇ ਸੇਵੀਆਂ ਭੇਟ ਕੀਤੀਆਂ ਜਾਂਦੀਆਂ ਹਨ।

**ਕ੍ਰਿਸ਼ਨ ਜਨਮ ਅਸ਼ਟਮੀ**

ਭਾਦੋਂ ਦੇ ਹਨੇਰੇ ਪੱਖ ਦੀ ਅਸ਼ਟਮੀ ਵਾਲੇ ਦਿਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦੇ ਉਪਲਕਸ਼ ਵਿਚ ਕ੍ਰਿਸ਼ਨ ਅਸ਼ਟਮੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਵੈਸ਼ਨੋ ਮੱਤ ਦੇ ਅਨੁਯਾਈ ਇਸ ਤਿਉਹਾਰ ਨੂੰ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਵਰਤ ਰੱਖੇ ਜਾਂਦੇ ਹਲ ਤੇ ਮੰਦਰਾਂ ਵਿਚ ਕ੍ਰਿਸ਼ਨ-ਜਨਮ ਦੀ ਕਥਾ ਕੀਤੀ ਜਾਦੀ ਹੈ। ਪਿੰਡਾਂ ਵਿਚ ਕ੍ਰਿਸ਼ਨ ਜੀ ਦੇ ਜੀਵਨ ਨਾਲ ਸੰਬੰਧਤ ਰਾਸ ਲੀਲਾ ਖੇਡੀ ਜਾਂਦੀ ਹੈ।

**ਸ਼ਰਾਧ**

ਅੱਸੂ ਦੇ ਹਨੇਰੇ ਪੱਖ ਦੀਆਂ 15 ਤਿਥਾਂ ਨੂੰ ਆਪਣੇ ਮੋਏ ਪਿੱਤਰਾਂ ਦੇ ਨਮਿੱਤ ਬ੍ਰਾਹਮਣਾਂ ਨੂੰ ਭੋਜਨ ਛਕਾ ਕੇ ਸ਼ਰਾਧ ਕਰਾਏ ਜਾਂਦੇ ਹਨ। ਹਿੰਦੂ ਲੋਕ ਇਨ੍ਹੀਂ ਦਿਨੀਂ ਤੀਰਥ ਯਾਤਰਾ ਕਰਕੇ ਆਪਣੇ ਪਿੱਤਰਾਂ ਨਮਿੱਤ ਪਾਣੀ ਦਿੰਦੇ ਹਨ ਤੇ ਦੀਪ

ਦਾਨ ਕਰਦੇ ਹਨ। ਸਿੱਖ ਵਸੋਂ ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸ਼ਰਾਧਾਂ ਦੀ ਰੀਤ ਖਤਮ ਹੋ ਗਈ ਹੈ ਪਰ ਸਿੱਖਾਂ ਦੇ ਕੁਝ ਘਰ ਬ੍ਰਾਹਮਣਾਂ ਦੀ ਥਾਂ ਸਿੱਖ ਬਹਾਲ ਕੇ ਇਸ ਰਸਮ ਨੂੰ ਪੂਰੀ ਕਰ ਲੈਂਦੇ ਹਨ। ਸ਼ਰਾਧਾਂ ਦੇ ਦਿਨ, ਕਿਸੇ ਸ਼ਗਨਾਂ ਵਲੇ ਕਾਰਜ ਲਈ ਅਸ਼ੁੱਭ ਮੰਨੇ ਜਾਦੇ ਹਨ।

**ਸਾਂਝੀ ਮਾਈ ਤੇ ਦੁਸ਼ਹਿਰੇ ਦਾ ਤਿਉਹਾਰ**

ਸ਼ਰਾਧ ਮੁੱਕਣ ਸਾਰ ਹੀ ਨੌਰਾਤੇ ਸ਼ੁਰੂ ਹੋ ਜਾਂਦੇ ਹਨ। ਨੌਰਾਤਿਆਂ ਵਿਚ ਕੁੜੀਆਂ, ਸਾਂਝੀ-ਮਾਈ ਦਾ ਤਿਉਹਾਰ ਮਨਾਉਂਦੀਆਂ ਹਨ। ਇਸ ਪਿੱਛੇ ਇਹ ਵਿਸ਼ਵਾਸ ਕੰਮ ਕਰਦਾ ਹੈ ਕਿ ਜੇ ਪੰਜ ਕੁਆਰੀਆਂ ਇਕੱਠੀਆਂ ਹੋ ਕੇ ਸਾਂਝੀ ਮਾਈ ਦੀ ਵਿਧੀਵਤ ਢੰਗ ਨਾਲ ਪੂਜਾ ਕਰਨ ਤੇ ਉਹਦੀ ਆਰਤੀ ਉਤਾਰਨ ਤਾਂ ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇਸ ਮਕਸਦ ਲਈ ਕੁੜੀਆਂ ਪਹਿਲੇ ਨੌਰਾਤੇ ਕੋਰੇ ਘੜੇ ਦੇ ਠੀਕਰੇ, ਕੁੱਜੇ ਜਾ ਘੜੌਂਜੀ 'ਤੇ ਜੌਂ ਬੀਜਦੀਆਂ ਹਨ। ਇਨ੍ਹਾਂ ਨੂੰ ਖੇਤਰੀ ਜਾਂ 'ਗੌਰਜਾਂ ਮਾਤਾ ਦੀ ਖੇਤੀ' ਕਿਹਾ ਜਾਂਦਾ ਹੈ। ਗੌਰਜਾਂ ਤੇ ਸਾਂਝੀ-ਮਾਈ ਪਾਰਵਤੀ ਦਾ ਹੀ ਰੂਪ ਹਨ। ਇਹ ਜੌਂ ਦੁਸਹਿਰੇ ਵਾਲੇ ਦਿਨ ਆਪਣੇ ਨਿਕਟ ਵਰਤੀਆਂ ਦੀਆਂ ਪੱਗਾਂ ਵਿਚ ਟੁੰਗ ਦਿੰਦੀਆਂ ਹਨ ਤੇ ਉਹਨਾਂ ਤੋਂ ਸ਼ਗਨ ਵਜੋਂ ਕੁਝ ਭੇਟਾ ਪ੍ਰਾਪਤ ਕਰਦੀਆਂ ਹਨ। ਨੌਰਾਤਿਆਂ ਦੌਰਾਨ ਵਰਤ ਰੱਖਣ ਦਾ ਵੀ ਰਿਵਾਜ ਹੈ।

ਨੌਰਾਤਿਆਂ ਦੌਰਾਨ ਹੀ ਕੰਧ ਉਤੇ, ਗੋਈ ਹੋਈ ਚੀਕਣੀ ਮਿੱਟੀ ਨਾਲ ਬੜੀ ਰੀਝ ਤੇ ਮਿਹਨਤ ਨਾਲ ਸਾਂਝੀਮਾਈ ਦੀ ਮੂਰਤੀ ਬਣਾਈ ਜਾਂਦੀ ਹੈ ਜਿਸ ਨੂੰ ਤਰ੍ਹਾਂ ਤਰ੍ਹਾਂ ਦੀਆ ਵਸਤਾਂ ਨਾਲ ਸ਼ਿੰਗਾਰਿਆ ਜਾਂਦਾ ਹੈ। ਕੁੜੀਆਂ ਜੋਤਾਂ ਜਗਾ ਕੇ ਸਾਂਝੀ ਮਾਈ ਦੀ ਆਰਤੀ ਉਤਾਰਦੀਆਂ ਹਨ ਤੇ ਆਮ ਤੌਰ 'ਤੇ ਹੇਠ ਲਿਖਿਆ ਗੀਤ ਗਾਉਂਦੀਆਂ ਹਨ :

ਨੀਂ ਤੂੰ ਜਾਗ ਸਾਂਝੀ ਜਾਗ
ਸਾਡੇ ਜਾਗ ਪੈਣ ਭਾਗ
ਮੈਂ ਆਈ ਤੇਰੇ ਦਵਾਰ
ਮੈਨੂੰ ਤਾਰ ਮਾਈ ਤਾਰ
ਮੇਰੀ ਪੂਜਾ ਲੇਖੇ ਲਾਈਂ
ਮੇਰੀਆਂ ਦੂਰ ਰਹਿਣ ਬਲਾਈਂ
ਜਾਗ, ਸਾਂਝੀ ਜਾਗ।

ਦੁਸਹਿਰੇ ਵਾਲੇ ਦਿਨ ਬੜੀ ਸ਼ਰਧਾ ਭਾਵ ਨਾਲ ਇਸ ਮੂਰਤੀ ਨੂੰ ਜਲ-ਭੇਟ ਕਰ ਦਿੱਤਾ ਜਾਂਦਾ ਹੈ। ਸ਼ਹਿਰਾਂ ਤੇ ਕੁਝ ਵੱਡੇ ਪਿੰਡਾਂ ਵਿਚ ਵਿਸ਼ੇਸ਼ ਲੋਕ-ਸ਼ੈਲੀਆਂ ਦੁਆਰਾ ਰਾਮ ਲੀਲਾ ਖੇਡੀ ਜਾਂਦੀ ਹੈ। ਵੱਖ ਵੱਖ ਦਿਨੀਂ ਰਾਮ-ਕਥਾ ਨਾਲ ਸੰਬੰਧਤ ਮੁੱਖ ਘਟਨਾਵਾਂ ਨੂੰ ਨਾਟਕੀ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਰਾਮ ਲੀਲਾ ਨੂੰ ਵਿਸ਼ੇਸ਼ ਦਿਲਚਸਪੀ ਤੇ ਸ਼ਰਧਾ ਨਾਲ ਦੇਖਿਆ ਜਾਦਾ ਹੈ। ਨੌਰਾਤੇ ਮੁੱਕਣ ਮਗਰੋਂ ਦਸਵੇਂ ਦਿਨ ਦੁਸਹਿਰਾ ਮਨਾਇਆ ਜਾਂਦਾ ਹੈ। ਪਹਿਲੇ ਵੇਲੇ ਰਾਮ-ਕਥਾ ਨਾਲ ਸੰਬੰਧਤ ਵੱਖ ਵੱਖ ਝਾਕੀਆਂ ਪੇਸ਼ ਕੀਤੀਆ ਜਾਂਦੀਆਂ ਹਨ। ਨਗਰ ਦੇ ਵਡੇਰੇ ਭਾਗ ਦਾ ਚੱਕਰ ਲਾ ਕੇ ਇਹ ਝਾਕੀਆਂ ਦੁਸਹਿਰੇ ਵਾਲੇ ਪੰਡਾਲ ਵਿਚ ਪ੍ਰਵੇਸ਼ ਕਰਦੀਆਂ ਹਨ ਤੇ ਪੂਰੇ ਪੰਡਾਲ ਵਿਚ ਇਹਨਾਂ ਦੇ ਗੇੜੇ ਕਢਾਏ ਜਾਂਦੇ ਹਨ।

ਦੁਸਹਿਰੇ ਨੂੰ ਵਿਜੈ-ਦਸਮੀ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਪਰੰਪਰਾ ਅਨੁਸਾਰ ਇਸ ਦਿਨ ਸ੍ਰੀ ਰਾਮ ਚੰਦਰ ਦੀ ਲੰਕਾਪਤੀ ਰਾਵਣ ਉੱਤੇ ਅੰਤਿਮ ਵਿਜੇ ਹੋਈ ਕਹੀ ਜਾਂਦੀ ਹੈ। ਇਸ ਦਿਨ ਦੁਸਹਿਰੇ ਦਾ ਮੇਲਾ ਇਸੇ ਖੁਸ਼ੀ ਦੀ ਯਾਦ ਵਿਚ ਹਰ ਵਰ੍ਹੇ ਮਨਾਇਆ ਜਾਂਦਾ ਹੈ। ਪੰਡਾਲ ਵਿਚ ਰਾਵਣ ਅਤੇ ਰਾਮ ਜੀ ਦੀ ਸੈਨਾ ਵਿਚਕਾਰ ਯੁੱਧ ਦੀ ਝਾਕੀ ਵਿਸ਼ੇਸ਼ ਤੌਰ 'ਤੇ ਅਭਿਨੈ ਰੂਪ ਵਿਚ ਵਿਖਾਈ ਜਾਦੀ ਹੈ। ਸੂਰਜ ਡੁੱਬਣ ਤੋਂ ਪਹਿਲਾਂ ਰਾਵਣ ਦੀ ਹਾਰ ਹੋਈ ਵਿਖਾਈ ਜਾਂਦੀ ਹੈ। ਇਸ ਸਮੇਂ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲਿਆਂ ਨੂੰ ਅੱਗ ਲਾਈ ਜਾਂਦੀ ਹੈ। ਇਨ੍ਹਾਂ ਵਿਚ ਰੱਖੇ ਪਟਾਕਿਆਂ ਤੇ ਪਲੀਤੇ ਫਟਣ ਨਾਲ ਆਸਮਾਨ ਗੂੰਜ ਉਠਦਾ ਹੈ। ਕਈ ਮਨਚਲੇ ਰਾਮ ਵਿਜੈ ਵਿਚ ਆਪਣਾ ਪ੍ਰਤੀਕਾਤਮਕ ਹਿੱਸਾ ਪਾਉਂਦੇ ਹੋਏ ਰਾਵਣ ਦੇ ਸੜ ਰਹੇ ਪੁਤਲੇ 'ਤੇ ਖੂਬ ਡਾਂਗਾਂ ਵਰ੍ਹਾਉਂਦੇ ਹਨ।

ਦੁਸਹਿਰੇ ਦੇ ਦਿਨੀਂ ਗੰਨੇ ਪੱਕ ਜਾਂਦੇ ਹਨ। ਕਈ ਕਿਸਾਨ ਸ਼ਰਧਾ ਵਜੋਂ ਦੁਸਹਿਰੇ ਦੇ ਦਿਨ, ਪਿੜ ਵਿਚ ਗੰਨਿਆਂ ਦੀਆਂ ਭਰੀਆਂ ਖਿਲਾਰ ਕੇ ਆਪਣੀ ਫਸਲ ਵਿਚ ਬਰਕਤ ਦੀ ਸੁੱਖ ਮੰਗਦੇ ਹਨ। ਦੁਸਹਿਰੇ ਵਾਲੇ ਦਿਨ ਜੇ ਗਰੁੜ, ਜਿਸ

ਨੂੰ ਸਥਾਨਕ ਬੋਲੀ ਵਿਚ ਬੜਕੋਕ ਕਿਹਾ ਜਾਂਦਾ ਹੈ, ਦੇ ਦਰਸ਼ਨ ਹੋ ਜਾਣ ਤਾ ਇਸ ਨੂੰ ਸੁਭਾਗ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਕਈ ਲੋਕਾਂ ਨੇ ਇਸ ਵਹਿਮ ਤੋਂ ਲਾਭ ਉਠਾਉਣ ਲਈ ਗਰੁੜ ਕੁਝ ਦਿਨ ਪਹਿਲਾਂ ਹੀ ਫੜ ਕੇ ਰੱਖਿਆ ਹੋਇਆ ਹੁੰਦਾ ਹੈ ਤੇ ਦੁਸ਼ਹਿਰੇ ਵਾਲੇ ਦਿਨ ਲੋਕਾਂ ਨੂੰ 'ਗਰੁੜ ਭਗਵਾਨ' ਦੇ ਦਰਸ਼ਨ ਕਰਵਾ ਕੇ ਸ਼ਰਧਾਲੂਆਂ ਤੋਂ ਕਾਫੀ ਪੈਸੇ ਬਟੋਰ ਲੈਂਦੇ ਹਨ।

**ਕਰਵਾ ਚੌਥ**

ਕੱਤਕ ਮਹੀਨੇ ਦੇ ਹਨੇਰੇ ਪੱਖ ਦੀ ਚੌਥ ਤਿੱਥ ਨੂੰ ਕਰਵਾ ਚੌਥ ਜਾਂ ਕਰੂਏ ਦਾ ਵਰਤ ਆਉਂਦਾ ਹੈ। ਇਸ ਵਰਤ ਵਿਚ ਇਕ ਰਸਮ ਕਰੂਏ ਅਰਥਾਤ ਕੋਰੇ ਕੁੱਜੇ ਵਟਾਉਣ ਦੀ ਹੁੰਦੀ ਹੈ। ਸ਼ਾਇਦ ਇਸੇ ਕਰਕੇ ਇਸ ਨੂੰ ਕਰੂਹੇ ਦਾ ਵਰਤ ਵੀ ਕਿਹਾ ਜਾਂਦਾ ਹੈ। ਕਰਵਾ ਚੌਥ ਦਾ ਵਰਤ ਨਿਰਜਲਾ ਹੁੰਦਾ ਹੈ। ਸਵੇਰ ਨੂੰ 'ਸਰਘੀ' ਖਾਣ ਤੋਂ ਲੈ ਕੇ ਰਾਤ ਨੂੰ ਚੰਨ ਨੂੰ 'ਅਰਘ' ਦੇਣ ਦੀ ਘੜੀ ਤੀਕ, ਅੰਨ-ਜਲ ਮੂੰਹ ਨਹੀਂ ਲਾਇਆ ਜਾਂਦਾ। ਇਹ ਵਰਤ ਸੁਹਾਗਣਾਂ ਆਪਣੇ ਪਤੀ ਦੇ ਕਲਿਆਣ ਲਈ ਰੱਖਦੀਆਂ ਹਨ। ਵਰਤ ਖੋਲ੍ਹਣ ਤੋਂ ਪਹਿਲਾਂ 'ਅਹੋਈ ਦੇਵੀ' ਦੀ ਕਥਾ ਸੁਣਨ ਦਾ ਵੀ ਰਿਵਾਜ ਹੈ।

ਕੱਤਕ ਦੀ ਹੀ ਰੁੱਤ ਵਿਚ 'ਦੇਵ ਉਠਾਨ' ਦਾ ਪੁਰਬ ਆਉਂਦਾ ਹੈ। ਇਸ ਪਿੱਛੇ ਇਹ ਵਿਸ਼ਵਾਸ ਕੰਮ ਕਰਦਾ ਹੈ ਕਿ ਵਾਢੀ ਦੀ ਰੁੱਤ ਮੁੱਕਣ ਮਗਰੋਂ ਦੇਵਤੇ ਸੌਂ ਜਾਂਦੇ ਹਨ। ਕੱਤਕ ਦੇ ਮਹੀਨਿਆਂ ਵਿਚ ਉਨ੍ਹਾਂ ਨੂੰ ਜਗਾਉਣ ਲਈ 'ਦੇਵ-ਉਠਾਨ' ਪੁਰਬ ਮਨਾਇਆ ਜਾਂਦਾ ਹੈ। ਇਸ ਪੁਰਬ ਦੌਰਾਨ ਉੱਚੀ ਉੱਚੀ ਥਾਲੀਆਂ ਵਜਾਉਣ ਅਤੇ ਮੰਦਰਾਂ ਵਿਚ ਟੱਲ ਖੜਕਾਉਣ ਦੀ ਪਿਰਤ ਹੈ। ਇਨ੍ਹਾਂ ਦੇ ਖੜਾਕੇ ਨਾਲ ਦੇਵਤਿਆ ਦੀ ਜਾਗ ਖੁੱਲ੍ਹ ਗਈ ਸਮਝੀ ਜਾਂਦੀ ਹੈ। ਇਸੇ ਹੀ ਮਹੀਨੇ ਦੇ ਹਨੇਰੇ ਪੱਖ ਤੇ ਤੇਰ੍ਹਵੇਂ ਪੱਖ ਨੂੰ 'ਧਨ ਤੇਰਸ' ਦਾ ਤਿਉਹਾਰ ਮਨਾਉਣ ਦਾ ਰਿਵਾਜ ਹੈ। ਲੋਕਾਂ ਯਕੀਨ ਹੈ ਕਿ ਜੇ ਇਸ ਪੁਰਬ ਵੇਲੇ ਨਵੇਂ ਭਾਂਡੇ ਖਰੀਦੇ ਜਾਣ ਤੇ ਮਿੱਠੇ ਪਕਵਾਨ ਪਕਾਏ ਜਾਣ ਤਾਂ ਸਾਰਾ ਸਾਲ ਉਸ ਘਰ ਦੇ ਭੰਡਾਰ ਭਰੇ ਰਹਿੰਦੇ ਹਨ।

**ਦੀਵਾਲੀ**

ਕੱਤਕ ਮਹੀਨੇ ਮੱਸਿਆ ਵਾਲੇ ਦਿਨ ਦੀਵਾਲੀ ਦਾ ਪੁਰਬ ਬੜੇ ਜ਼ੋਰ ਸ਼ੋਰ ਨਾਲ ਮਨਾਇਆ ਜਾਂਦਾ ਹੈ। ਦੀਵਾਲੀ ਤੋਂ ਪਹਿਲਾਂ ਘਰਾਂ ਦੀ ਸਫਾਈ ਉਪਰ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਘਰਾਂ ਦੇ ਅੰਦਰ ਬਾਹਰ, ਪੂਜਾ ਸਥਾਨਾਂ ਤੇ ਢੇਰਾਂ ਤੱਕ ਉਪਰ ਦੀਵੇ ਬਾਲੇ ਜਾਂਦੇ ਹਨ। ਲੋਕ ਸਮਝਦੇ ਹਨ ਕਿ ਇਸ ਦਿਨ ਲੱਛਮੀ-ਦੇਵੀ ਬਿਧਮਾਤਾ ਦੇ ਨਾਲ ਰਾਤ ਵੇਲੇ ਸਭਨਾਂ ਘਰਾਂ ਦਾ ਚੱਕਰ ਲਾਉਂਦੀ ਹੈ ਜਿਹੜਾ ਘਰ ਸਾਫ ਤੇ ਰੌਸ਼ਨੀ ਨਾਲ ਪ੍ਰਜਵਲਤਿ ਹੋਵੇ, ਲੱਛਮੀ ਦੇਵੀ ਕੇਵਲ ਉਥੇ ਹੀ ਪੈਰ ਪਾਉਂਦੀ ਹੈ। ਦੀਵਾਲੀ ਦੀ ਰਾਤ ਨੂੰ ਲੱਛਮੀ ਨੂੰ ਖੁਸ਼ ਕਰਨ ਲਈ ਚਾਂਦੀ ਦੇ ਰੁਪਈਆਂ ਦੇ ਰੂਪ ਵਿਚ 'ਲਕਸ਼ਮੀ ਪੂਜਨ' ਵੀ ਕੀਤਾ ਜਾਂਦਾ ਹੈ। ਇਸ ਦਿਨ ਬਹੁਤ ਸਾਰੇ ਲੋਕ ਜੂਆ ਵੀ ਖੇਡਦੇ ਹਨ। ਉਨ੍ਹਾਂ ਨੇ ਆਪਣੀ ਸੁਵਿਧਾ ਲਈ ਇਹ ਵਿਚਾਰ ਪ੍ਰਚੱਲਿਤ ਕੀਤਾ ਹੋਇਆ ਹੈ ਕਿ ਜੋ ਦੀਵਾਲੀ ਦੀ ਰਾਤ ਨੂੰ ਜੂਆ ਨਾ ਖੇਲੇ, ਉਹ ਪ੍ਰਾਣੀ ਗਧੇ ਦੀ ਜੂਨੇ ਪੈਂਦਾ ਹੈ।

ਦੀਵਾਲੀ ਦੇ ਉਤਸਵ ਦਾ ਧਾਰਮਕ ਮਹੱਤਵ ਵੀ ਹੈ। ਕਿਹਾ ਜਾਂਦਾ ਹੈ ਕਿ ਇਸ ਦਿਨ ਮਰਿਯਾਦਾ ਪਰਸ਼ੋਤਮ ਸ੍ਰੀ ਰਾਮ ਜੀ ਲਛਮਣ ਤੇ ਸੀਤਾ ਜੀ ਸਮੇਤ ਰਾਵਣ ਨੂੰ ਹਰਾਉਣ ਤੋਂ ਉਪਰੰਤ ਆਪਣੇ ਬਨਵਾਸ ਦੇ ਚੌਦਾਂ ਵਰ੍ਹੇ ਪੂਰੇ ਹੋਣ ਕਰਕੇ ਆਪਣੀ ਮਾਤ-ਭੂਮੀ ਅਯੁੱਧਿਆ ਨੂੰ ਪਰਤ ਆਏ ਸਨ। ਅਯੁੱਧਿਆ ਦੇ ਲੋਕਾਂ ਨੇ ਉਹਨਾਂ ਦੀ ਆਮਦ ਦੀ ਖੁਸ਼ੀ ਵਿਚ ਦੀਪ-ਮਾਲਾ ਕੀਤੀ ਸੀ। ਇਸੇ ਸ਼ੁਭ ਦਿਨ ਦੀ ਸਿਮਰਤੀ ਨੂੰ ਦੁਹਰਾਉਣ ਲਈ ਇਹ ਉਤਸਵ ਮਨਾਇਆ ਜਾਂਦਾ ਹੈ।

ਇਸ ਤੋਂ ਬਿਨਾਂ ਇਹ ਵੀ ਸਮਝਿਆ ਜਾਂਦਾ ਹੈ ਕਿ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਵੰਜਾ ਰਾਜਿਆਂ ਨੂੰ ਮੁਕਤ ਕਰਾਉਣ ਤੋਂ ਬਾਅਦ ਅੰਮ੍ਰਿਤਸਰ ਪਰਤੇ ਸਨ। ਉਨ੍ਹਾਂ ਦੀ ਆਮਦ ਦੀ ਖੁਸ਼ੀ ਵਿਚ ਅੰਮ੍ਰਿਤਸਰ ਦੇ ਨਾਗਰਿਕਾਂ ਵਲੋਂ ਉਚੇਚੇ ਤੌਰ 'ਤੇ ਦੀਪ-ਮਾਲਾ ਕੀਤੀ ਗਈ ਸੀ। ਇਸ ਕਰਕੇ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਦਿਵਾਲੀ ਦੀ ਰਾਤ ਨੂੰ ਦੀਪ ਮਾਲਾ ਦੀਆਂ ਰੌਣਕਾਂ ਦੂਣ-ਸਵਾਈਆਂ ਹੁੰਦੀਆਂ ਹਨ।

**ਲੋਹੜੀ**

ਮਾਘ ਦੀ ਸੰਗਰਾਂਦ ਤੋਂ ਪਹਿਲੇ ਦਿਨ ਲੋਹੜੀ ਮਨਾਈ ਜਾਂਦੀ ਹੈ। ਇਸ ਤੋਂ ਕਈ ਦਿਨ ਪਹਿਲਾਂ ਬੱਚੇ ਟੋਲੀਆਂ

ਬਣਾ ਕੇ ਲੋਹੜੀ ਦੀ ਰਾਤ ਨੂੰ ਲੋਹੜੀ ਬਾਲਣ ਲਈ ਪਾਥੀਆਂ ਤੇ ਹੋਰ ਬਾਲਣ ਘਰੋ-ਘਰੀ ਜਾ ਕੇ ਮੰਗਣਾ ਸ਼ੁਰੂ ਕਰ ਦਿੰਦੇ ਹਨ।

ਲੋਹੜੀ ਨਵ-ਜਨਮੇ ਮੁੰਡਿਆਂ ਤੇ ਨਵੇਂ ਵਿਆਹੇ ਜੋੜਿਆਂ ਦੀ ਖੁਸ਼ੀ ਵਿਚ ਮਨਾਇਆ ਜਾਣ ਵਾਲਾ ਤਿਉਹਾਰ ਹੈ। ਲੋਹੜੀ ਵਾਲੀ ਸ਼ਾਮ ਨੂੰ ਗਈ ਰਾਤ ਤੀਕ ਹਰ ਤਰ੍ਹਾਂ ਦੇ ਗੀਤ ਗਾ ਕੇ, ਉਹਨਾਂ ਘਰਾਂ ਤੋਂ ਲੋਹੜੀ ਮੰਗਦੇ ਹਨ ਜਿਨ੍ਹਾ ਦੇ ਮੁੰਡੇ ਦਾ ਜਨਮ ਹੋਇਆ ਹੋਵੇ ਜਾਂ ਮੁੰਡੇ ਦਾ ਵਿਆਹ ਹੋਇਆ ਹੋਵੇ। ਲੋਹੜੀ ਵਾਲੇ ਦਿਨ ਆਪੋ ਆਪਣੀ ਪਰੋਖੋਂ ਅਨੁਸਾਰ ਮੰਗਣ ਆਈਆਂ ਟੋਲੀਆਂ ਨੂੰ ਗੁੜ-ਸ਼ੱਕਰ ਭੇਟਾ ਕਰਦੇ ਹਨ। ਲੋਹੜੀ ਬਾਰੇ ਕੁੱਝ ਲੰਮੇ ਗੀਤ ਪ੍ਰਚੱਲਿਤ ਹਨ ਜਿਨ੍ਹਾਂ ਵਿਚੋਂ ਸ਼ੁਰੂ ਵਿਚ ਇਕ ਟੋਟਕਾ ਗਾਇਆ ਜਾਂਦਾ ਹੈ ਤੇ ਜੇ ਘਰ ਵਾਲਿਆਂ ਵੱਲੋਂ ਲੋਹੜੀ ਦੇਣ ਵਿਚ ਕਿਸੇ ਕਾਰਨ ਦੇਰੀ ਹੋ ਜਾਵੇ ਤਾਂ ਛੋਟੇ ਗੀਤਾਂ ਦੇ ਟੋਟਕੇ ਲਗਾਤਾਰ ਛੱਡੇ ਜਾਂਦੇ ਹਨ ਜਿਹਨਾਂ ਵਿਚ ਅਸੀਸ ਦੀ ਭਾਵਨਾ ਵੀ ਹੁੰਦੀ ਹੈ ਤੇ ਕਈ ਵਾਰੀ ਟਿਚਕਰ-ਬਾਜ਼ੀ ਦੀ ਵੀ।

ਰਾਤ ਵੇਲੇ ਕਿਸੇ ਖੁੱਲ੍ਹੇ ਥਾਂ ਪਾਥੀਆਂ ਦੀ ਵੱਡੀ ਸਾਰੀ ਗਹੂੜੀ ਲਾ ਕੇ ਲੋਹੜੀ ਬਾਲੀ ਜਾਂਦੀ ਹੈ। ਲੋਕ ਡੂੰਘੀ ਰਾਤ ਗਈ ਤੱਕ ਅੱਗ ਸੇਕਦੇ ਤੇ ਗੁੜ, ਮੂੰਗਫਲੀ, ਰੇਵੜੀਆਂ, ਚਿੜਵੇ ਆਦਿ ਖਾਂਦੇ ਰਹਿੰਦੇ ਹਨ। ਲੋਹੜੀ ਦੇ ਇਕ ਗੀਤ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਦਾ ਸੰਬੰਧ ਦੁੱਲੇ ਭੱਟੀ ਨਾਲ ਹੈ। ਕਿਹਾ ਜਾਦਾ ਹੈ ਕਿ ਇਸ ਦਿਨ ਦੁੱਲੇ ਨੇ ਕਿਸੇ ਧੱਕੇਖੋਰ ਦੇ ਚੁੰਗਲ 'ਚੋਂ ਛੁਡਾ ਕੇ ਆਪਣੇ ਪੱਲਿਓਂ ਪੈਸੇ ਖਰਚ ਕੇ, ਇਕ ਗਰੀਬ ਪਰਿਵਾਰ ਦੀ ਕੁੜੀ ਦੇ ਹੱਥ ਪੀਲੇ ਕੀਤੇ ਸਨ।

**ਮਾਘੀ**

ਲੋਹੜੀ ਤੋਂ ਅਗਲੇ ਹੀ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਮਾਘ ਦੀ ਸੰਗਰਾਂਦ ਨੂੰ ਆਉਣ ਕਾਰਨ ਇਸ ਨੂੰ 'ਮੱਕਰ ਸੰਕ੍ਰਿਤੀ' ਵੀ ਕਿਹਾ ਜਾਦਾ ਹੇ। ਇਸ ਦਿਨ ਤੀਰਥ ਇਸ਼ਨਾਨ ਤੇ ਪੁੰਨ ਦਾਨ ਦੇ ਕਾਰਜਾਂ ਦਾ ਵਧੇਰੇ ਮਹਾਤਮ ਸਮਝਿਆ ਜਾਂਦਾ ਹੈ। ਮਾਘ ਦੇ ਮਹੀਨੇ ਵਿਚ ਵਿਆਹ ਸ਼ਾਦੀਆਂ ਜਿਹੇ ਸ਼ਗਨਾਂ ਭਰੇ ਕੰਮ ਕੀਤੇ ਜਾਂਦੇ ਹਨ। ਮਾਘੀ ਵਾਲੇ ਦਿਨ ਮੋਠਾਂ ਤੇ ਬਾਜਰੇ ਦੀ ਖਿਚੜੀ ਤੇ ਮੂਲੀਆਂ ਖਾਣੀਆਂ ਗੁਣਕਾਰੀ ਮਸਝੀਆਂ ਜਾਂਦੀਆਂ ਹਨ। ਇਸ ਦਿਨ ਗੰਨੇ ਦੇ ਰਸ ਵਾਲੇ ਚੌਲ ਵੀ ਬਣਾਉਣ ਦਾ ਰਿਵਾਜ ਹੈ। ਮਾਘੀ ਵਾਲੇ ਦਿਨ ਮੁਕਤਸਰ ਵਿਖੇ ਬੜਾ ਭਾਰੀ ਮੇਲਾ ਲਗਦਾ ਹੈ।

**ਬਸੰਤ-ਪੰਚਮੀ**

ਬਸੰਤ ਇਕ ਪ੍ਰਸਿੱਧ ਮੌਸਮੀ ਤਿਉਹਾਰ ਹੈ। ਬਸੰਤ ਰੁੱਤੇ ਕੁਦਰਤ ਦਾ ਖੇੜਾ ਆਪਣੇ ਸਿਖਰ 'ਤੇ ਹੁੰਦਾ ਹੈ। ਇਸ ਦਿਨ ਸਵੇਰੇ ਹੀ ਕੁਝ ਲਾਗੀ ਆਪਣੇ ਜਜ਼ਮਾਨਾਂ ਦੇ ਘਰੀਂ ਸਰੋਂ ਦੇ ਪੀਲੇ ਫੁੱਲ ਭੇਟ ਕਰਦੇ ਹਨ ਜਾਂ ਉਨ੍ਹਾਂ ਦੀਆਂ ਪੱਗਾਂ ਵਿਚ ਟੁੰਗ ਕੇ ਉਹਨਾਂ ਤੋਂ ਲਾਗ ਦੇ ਰੂਪ ਵਿਚ ਕੁਝ ਪੈਸੇ ਤੇ ਦਾਣਾ-ਫੱਕਾ ਪ੍ਰਾਪਤ ਕਰਦੇ ਹਨ।

ਬਸੰਤ ਪੰਚਮੀ ਵਾਲੇ ਦਿਨ ਰੰਗ ਬਰੰਗੀਆਂ ਗੁੱਡੀਆਂ ਤੇ ਪਤੰਗ ਉਡਾਉਣ ਦਾ ਰਿਵਾਜ ਵੀ ਹੈ।

ਬਸੰਤ ਪੰਚਮੀ ਵਾਲੇ ਦਿਨ ਹੀ ਧਰਮੀ ਹਕੀਕਤ ਰਾਏ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ। ਇਸ ਲਈ ਇਸ ਦਿਨ ਦੀ ਧਾਰਮਕ ਮਹੱਤਤਾ ਵੀ ਹੈ। ਬਸੰਤ ਪੰਚਮੀ ਵਾਲੇ ਦਿਨ ਛੇਹਰਟੇ ਤੇ ਪਟਿਆਲੇ ਵਿਚ ਖਾਸ ਕਰਕੇ ਕਾਫੀ ਭਰਵੇਂ ਮੇਲੇ ਲਗਦੇ ਹਨ।

**ਹੋਲੀ**

ਹੋਲੀ ਰੰਗਾਂ ਦਾ ਤਿਉਹਾਰ ਹੈ। ਇਸ ਦਿਨ ਆਪਣੇ ਮਿੱਤਰ ਸਨੇਹੀਆਂ ਉੱਪਰ ਗੁਲਾਲ ਜਾਂ ਰੰਗਦਾਰ ਪਾਣੀ ਛਿੜਕਣ ਦਾ ਰਿਵਾਜ ਹੈ। ਇਸ ਦਿਨ ਔਰਤਾਂ ਮਰਦ ਇਕ ਦੂਜੇ ਨਾਲ ਆਮ ਦਿਨਾਂ ਨਾਲੋਂ ਵਧੇਰੇ ਖੁੱਲ੍ਹ ਲੈ ਲੈਂਦੇ ਹਨ। ਪਿੰਡਾਂ ਵਿਚ ਇਹ ਦਿਓਰ-ਭਰਜਾਈ ਦੇ ਤਿਉਹਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਰੰਗ ਨਾ ਮਿਲਣ ਦੀ ਸੂਰਤ ਵਿਚ ਗੋਹੇ ਨੂੰ ਪਤਲਾ ਕਰਕੇ 'ਗੌਗਰਾਲੀ' ਖੇਡ ਕੇ ਹੀ ਬੁੱਤਾ ਸਾਰ ਲਿਆ ਜਾਂਦਾ ਹੈ।

ਹੋਲੀ ਦੀ ਮਿਥਿਹਾਸਕ ਮਹੱਤਤਾ ਵੀ ਹੈ। ਕਹਿੰਦੇ ਹਨ ਕਿ ਇਸ ਦਿਨ ਹਰਨਾਕਸ਼ ਦੀ ਹੱਲਾ ਸ਼ੇਰੀ 'ਤੇ ਜਾਦੂ ਵਾਲੀ ਫੁਲਕਾਰੀ ਪਹਿਨ ਕੇ ਉਸਦੀ ਭੈਣ ਹੋਲਿਕਾ ਨੇ ਪ੍ਰਹਿਲਾਦ ਨੂੰ ਅੱਗ ਵਿਚ ਸਾੜਨ ਦੀ ਸਾਜ਼ਿਸ਼ ਰਚੀ ਸੀ ਪਰੰਤੂ ਅਗਨ-ਰੋਧਕ ਫੁਲਕਾਰੀ ਪ੍ਰਹਿਲਾਦ 'ਤੇ ਆ ਪਈ ਸੀ ਤੇ ਸਿੱਟੇ ਵਜੋਂ ਹੋਲਿਕਾ ਆਪ ਹੀ ਅੱਗ ਵਿਚ ਹੋਲਾਂ ਵਾਂਗ ਭੁੱਜ ਗਈ ਤੇ ਭਗਤ ਪ੍ਰਹਿਲਾਦ ਦਾ ਵਾਲ ਵਿੰਗਾ ਨਹੀਂ ਸੀ ਹੋਇਆ।

ਹੋਲੀ ਪੰਜਾਬ ਵਿਚ ਪਹਿਲਾਂ ਵੀ ਕਾਫੀ ਉਤਸ਼ਾਹ ਨਾਲ ਮਨਾਈ ਜਾਂਦੀ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਪੂਰਬੀਏ

ਮਜ਼ਦੂਰਾਂ ਦੇ ਏਥੇ ਕਾਫੀ ਮਾਤਰਾ ਵਿਚ ਆਉਣ ਨਾਂਲ ਇਸ ਤਿਉਹਾਰ ਦੀਆਂ ਰੌਣਕਾਂ ਵਿਚ ਹੋਰ ਵੀ ਵਾਧਾ ਹੋ ਗਿਆ ਹੈ।

**ਹੋਲਾ-ਮਹੱਲਾ**

ਹੋਲੀ ਤੋਂ ਅਗਲੇ ਦਿਨ ਚੇਤ ਸੁਦੀ ਪਹਿਲੀ ਨੂੰ ਹੋਲੇ ਦਾ ਤਿਉਹਾਰ ਆਉਂਦਾ ਹੈ ਜਿਸ ਨੂੰ ਸਿੱਖ ਹੋਲੇ-ਮੁਹੱਲੇ ਦੇ ਨਾ ਹੇਠ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਉਂਦੀ ਹੈ। ਇਸ ਦਿਨ ਸ੍ਰੀ ਕੇਸਗੜ੍ਹ ਆਨੰਦਪੁਰ ਵਿਖੇ ਵੱਡਾ ਮੇਲਾ ਲੱਗਦਾ ਹੈ। ਇਸ ਵਿਚ ਨਿਹੰਗ ਸਿੰਘ ਆਪਣੇ ਕਰਤੱਬਾਂ ਦੇ ਵਿਸ਼ੇਸ਼ ਜੋਹਰ ਦਿਖਾਉਂਦੇ ਹਨ।

**ਸ਼ਿਵਰਾਤਰੀ**

ਫੱਗਣ ਦੀ ਅਮਾਵਸ ਦੀ ਰਾਤ ਨੂੰ ਭਗਤ ਸ਼ਿਵਰਾਤਰੀ ਦਾ ਪੁਰਬ ਮਨਾਉਂਦੇ ਹਨ।

ਆਰੀਆ-ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਨੂੰ ਸ਼ਿਵਰਾਤਰੀ ਵਾਲੇ ਦਿਨ ਗਿਆਨ ਹੋਇਆ ਕਿਹਾ ਜਾਂਦਾ ਹੈ। ਇਸ ਲਈ ਆਰੀਆ-ਸਮਾਜੀ ਇਸ ਨੂੰ ਰਿਸ਼ੀ-ਬੋਧ ਉਤਸਵ ਦੇ ਤੌਰ 'ਤੇ ਮਨਾਉਂਦੇ ਹਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬ ਵਿਚ ਮੇਲਿਆਂ ਤੇ ਤਿਉਹਾਰਾਂ ਦਾ ਸਿਲਸਿਲਾ ਹਰ ਮਹੀਨੇ ਚਲਦਾ ਹੀ ਰਹਿੰਦਾ ਹੈ। ਕੁਝ ਤਿਉਹਾਰ ਜਿਵੇਂ ਲੋਹੜੀ ਤੇ ਮਾਘੀ ਵਿਚਕਾਰ ਤਾਂ ਦਿਹਾੜੀ ਭਰ ਦੀ ਵਿੱਥ ਵੀ ਨਹੀ਼ ਹੁੰਦੀ। ਵੈਸੇ ਤਾਂ ਮੱਸਿਆ ਵਾਲੇ ਦਿਨ ਬਹੁਤ ਥਾਈਂ ਮੇਲਾ ਲਗਦਾ ਹੈ ਪਰ ਭਾਦੋਂ ਦੀ ਮੱਸਿਆ ਤਰਨਤਾਰਨ ਵਿਖੇ ਭਰਪੂਰ ਰੌਣਕਾਂ ਨਾਲ ਮਨਾਈ ਜਾਂਦੀ ਹੈ। ਉਂਜ ਤਾਂ ਪੰਜਾਬ ਦੇ ਤਿਉਹਾਰ ਸਭਨਾਂ ਵਰਗਾਂ ਤੇ ਜਾਤਾਂ ਦੇ ਲੋਕ ਸਾਂਝੇ ਤੌਰ 'ਤੇ ਮਨਾਉਂਦੇ ਹਨ ਪਰੰਤੂ ਕੁਝ ਇਕ ਤਿਉਹਾਰਾਂ ਦੀ ਮਾਨਤਾ ਖਾਸ ਧਰਮ ਨੂੰ ਮੰਨਦ ਵਾਲਿਆਂ ਵਿਚ ਹੀ ਹੁੰਦੀ ਹੈ। ਜਿਵੇਂ ਈਦ ਤੇ ਰੋਜ਼ੇ ਮੁਸਲਮਾਨਾਂ ਦੁਆਰਾ ਹੀ ਮਨਾਏ ਜਾਂਦੇ ਹਨ। ਕ੍ਰਿਸਮਿਸ ਵਾਲੇ ਦਿਨ 'ਬੜਾ ਦਿਨ' ਕੇਵਲ ਈਸਾਈ ਹੀ ਮਨਾਉਂਦੇ ਹਨ ਪਰੰਤੂ ਇਹਨਾਂ ਤਿਉਹਾਰਾਂ 'ਤੇ ਵੀ ਹਿੰਦੂ-ਸਿੱਖ ਵੀਰ ਆਪਣੇ ਮੁਸਲਿਮ-ਈਸਾਈ ਭਰਾਵਾਂ ਦੀ ਖੁਸ਼ੀ ਵਿਚ ਸ਼ਰੀਕ ਹੋਣ ਲਈ ਥੋੜ੍ਹਾ ਬਹੁਤ ਸਮਾਂ ਜ਼ਰੂਰ ਕੱਢਦੇ ਹਨ।

**ਸਹਾਇਕ ਪੁਸਤਕਾਂ**


1. ਡਾ. ਕਰਨੈਲ ਸਿੰਘ ਥਿੰਦ : 'ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ'
2. ਡਾ. ਸੋਹਿੰਦਰ ਸਿੰਘ ਬੇਦੀ : 'ਪੰਜਾਬ ਦੀ ਲੋਕ ਧਾਰਾ'
3. ਡਾ. ਮਹਿੰਦਰ ਸਿੰਘ ਰੰਧਾਵਾ (ਸੰਪਾ.) : 'ਪੰਜਾਬ'
4. ਗਿਆਨੀ ਗੁਰਦਿੱਤ ਸਿੰਘ : 'ਮੇਰਾ ਪਿੰਡ'
5. ਡਾ. ਭੁਪਿੰਦਰ ਸਿੰਘ ਖਹਿਰਾ : 'ਲੋਕਧਾਰਾ ਭਾਸ਼ਾ ਅਤੇ ਸਭਿਆਚਾਰ'
6. ਡਾ. ਨਵਰਤਨ ਕਪੂਰ : 'ਪੰਜਾਬ ਦੇ ਲੋਕ ਤਿਉਹਾਰ'


**ਕੁਝ ਮਹੱਤਵਪੂਰਨ ਪ੍ਰਸ਼ਨ**

1. ਪੰਜਾਬ ਦੀ ਲੋਕ ਨਾਟ-ਪਰੰਪਰਾ ਬਾਰੇ ਵਿਸਤ੍ਰਿਤ ਜਾਣਕਾਰੀ ਦਿਉ।
2. ਪੰਜਾਬੀ ਲੋਕ-ਨਾਚਾਂ ਦੇ ਮੂਲ ਲੱਛਣ ਦਸਦੇ ਹੋਏ ਇਨ੍ਹਾਂ ਦੀਆਂ ਮੁੱਖ ਵੰਨਗੀਆਂ ਨਾਲ ਜਾਣਕਾਰੀ ਕਰਵਾਉ।
3. ਲੋਕ-ਵਿਸ਼ਵਾਸ ਕਿਵੇਂ ਪੈਦਾ ਹੁੰਦੇ ਹਨ, ਸੁਪਨਿਆਂ ਨਾਲ ਸੰਬੰਧਤ ਵਿਸ਼ਵਾਸਾਂ ਦਾ ਉਲੇਖ ਕਰੋ।
4. ਪੰਜਾਬੀ ਲੋਕ-ਵਿਸ਼ਵਾਸਾਂ ਦੀਆਂ ਪ੍ਰਮੁੱਖ ਵੰਨਗੀਆਂ ਬਾਰੇ ਚਰਚਾ ਕਰੋ।
5. ਵਿਆਹ ਸਮੇਂ ਦੀਆਂ ਮੁੱਖ ਰਸਮਾਂ ਬਾਰੇ ਜਾਣਕਾਰੀ ਦਿਉ।
6. 'ਪੰਜਾਬੀ ਰੀਤਾਂ ਵਿਚ ਹੀ ਜੰਮਦਾ, ਪ੍ਰਵਾਨ ਚੜ੍ਹਦਾ ਤੇ ਆਪਣੇ ਅੰਤਿਮ ਸੁਆਸ ਪੂਰੇ ਕਰਦਾ ਹੈ।' ਇਸ ਕਥਨ ਦੀ ਉਦਾਹਰਣਾਂ ਸਹਿਤ ਪ੍ਰੋੜਤਾ ਕਰੋ।
7. ਪੰਜਾਬੀ ਵਿਅਕਤੀ ਦੇ ਮਰਨ ਸਮੇਂ ਕਿਹੜੀਆਂ-ਕਿਹੜੀਆਂ ਰਸਮਾਂ ਕੀਤੀਆਂ ਜਾਂਦੀਆ ਹਨ ? ਇਨ੍ਹਾ ਦੇ ਸਮਾਜਕ ਤੇ ਸਭਿਆਚਾਰਕ ਮਹੱਤਵ ਬਾਰੇ ਵੀ ਵਿਚਾਰ ਕਰੋ।
8. ਸੂਬਾਈ ਅਤੇ ਸਥਾਨਕ ਮੇਲਿਆਂ ਵਿਚ ਅੰਤਰ-ਨਿਖੇੜ ਕਰਦੇ ਹੋਏ, ਪੰਜਾਬ ਵਿਚ ਲੱਗਣ ਵਾਲੇ ਪ੍ਰਸਿੱਧ ਮੇਲਿਆਂ ਬਾਰੇ ਚਰਚਾ ਕਰੋ।

9. ਮੇਲੇ ਅਤੇ ਤਿਉਹਾਰ ਵਿਚ ਅੰਤਰ ਸਪਸ਼ਟ ਕਰਦੇ ਹੋਏ ਪੰਜਾਬ ਦੇ ਪ੍ਰਮੁੱਖ ਤਿਉਹਾਰਾਂ ਬਾਰੇ ਦੱਸੋ।
10. ਤਿਉਹਾਰ ਕਿਉਂ ਮਨਾਏ ਜਾਂਦੇ ਹਨ ? ਪੰਜਾਬੀ ਤਿਉਹਾਰਾਂ ਪਿੱਛੇ ਪ੍ਰਚੱਲਿਤ ਭਾਵਨਾਵਾਂ ਦਾ ਉਲੇਖ ਕਰੋ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. ਮੱਸਿਆ ਨੂੰ ਮਨਾਏ ਜਾਣ ਵਾਲੇ ਤਿਉਹਾਰਾਂ ਦਾ ਉਲੇਖ ਕਰੋ।
2. ਵਿਸ਼ਵਾਸਾਂ ਦੀ ਸਮਾਜਕ ਮਹੱਤਤਾ ਕੀ ਹੈ ?
3. ਮੇਲੇ ਤੇ ਤਿਉਹਾਰ ਵਿਚ ਅੰਤਰ ਦੱਸੋ।
4. ਪੰਚਮੀ ਨੂੰ ਕਿਹੜਾ ਤਿਉਹਾਰ/ਮੇਲਾ ਮਨਾਇਆ ਜਾਂਦਾ ਹੈ ?
5. ਲੁੱਡੀ ਤੋਂ ਕੀ ਭਾਵ ਹੈ ?
6. ਰਾਸ ਕੀ ਹੁੰਦਾ ਹੈ ?
7. ਰਸਮਾਂ ਕੀ ਹੁੰਦੀਆਂ ਹਨ ?
8. ਅੱਸੂ ਮਹੀਨੇ ਦੀਆਂ ਹਨੇਰੇ ਪੱਖ ਦੀਆਂ ਪੰਦਰਾਂ ਤਿੱਥਾਂ ਵਿਚ ਕਿਹੜੇ-ਕਿਹੜੇ ਪ੍ਰਕਾਰਜ ਕੀਤੇ ਜਾਂਦੇ ਹਨ ?
9. ਪੂਰਨਮਾਸ਼ੀ ਨੂੰ ਕਿਹੜੇ-ਕਿਹੜੇ ਤਿਉਹਾਰ ਮਨਾਏ ਜਾਦੇ ਹਨ ?
10. ਜਨਮ ਸਮੇਂ ਦੀਆ ਰਸਮਾਂ ਦਾ ਕੀ ਮਹੱਤਵ ਹੈ ?
11. ਸਥਾਨਕ ਤੇ ਸੂਬਾਈ ਮੇਲਿਆਂ ਵਿਚ ਕੀ ਅੰਤਰ ਹੈ ?
12. ਦੀਵਾਲੀ ਦੀ ਰੀਤੀ ਪ੍ਰਕਾਰਜ ਕੀ ਹੈ ?
13. ਵਿਆਹ ਸਮੇਂ ਦੀਆਂ ਰਸਮਾਂ ਦੀ ਕੀ ਸਮਾਜਕ ਭੂਮਿਕਾ ਹੈ ?
14. ਲੋਹੜੀ ਦੀ ਕੀ ਮਹੱਤਤਾ ਹੈ ?
15. ਜਰਗ ਦਾ ਮੇਲਾ ਕਿਉਂ ਮਨਾਇਆ ਜਾਂਦਾ ਹੈ ?
16. ਮਰਨ ਸਮੇਂ ਦੀਆਂ ਰਸਮਾਂ ਕਿਸ ਵਿਸ਼ਵਾਸ ਦੀ ਪੁਸ਼ਟੀ ਕਰਦੀਆਂ ਹਨ ?
17. ਲੋਕ-ਨਾਚ ਦੇ ਮੂਲ ਲੱਛਣ ਕਿਹੜੇ ਹਨ ?
18. ਪੰਜਾਬ ਦੇ ਕਿਹੜੇ-ਕਿਹੜੇ ਪ੍ਰਮੁੱਖ ਲੋਕ-ਨਾਚ ਹਨ ?
19. ਲੋਕ-ਨਾਚ ਦਾ ਸਭਿਆਚਾਰਕ ਮਹੱਤਵ ਦੱਸੋ।
20. ਲੋਕ-ਨਾਟ ਦੀਆਂ ਵੰਨਗੀਆਂ ਦਾ ਉਲੇਖ ਕਰੋ।
21. ਪੰਜਾਬ ਵਿਚ ਲੋਕ-ਨਾਚ ਕਿਉਂ ਨਹੀਂ ਪ੍ਰਫੁੱਲਤ ਹੋ ਸਕਿਆ ?

---

Type Setting:
Department of Distance Education, Punjabi University, Patiala.